# ਰੇਡੀਓ ਲੜੀਵਾਰ - ਟਿਕਾਊ ਵਿਕਾਸ - ਚਲਦੀ ਰਹੇ ਇਹ ਜ਼ਿੰਦਗੀ

## ਕੜੀ-41, ਬਿਨ ਸਾਗਰ ਸਭ ਸੁੰਨ

## (On the Services of Man: The Ocean Ecosystem)

ਲੇਖਣ ਤੇ ਖੋਜ : ਅਨੰਨਿਆ ਮਜੂਮਦਾਰ

ਲੜੀਵਾਰ ਸੰਯੋਜਕ : ਡਾ. ਬੀ ਕੇ ਤਿਆਗੀ

ਪੰਜਾਬੀ ਰੁਪਾਂਤਰਣ ਤੇ ਸੋਧ: ਭਾਰਤ ਗਿਆਨ ਵਿਗਿਆਨ ਸੰਮਤੀ ਪੰਜਾਬ ਤੇ ਚੰਡੀਗੜ੍ਹ

(This episode highlights how the ocean is vital for life on Planet Earth. It describes the various ways in which it supports ecosystems, biodiversity, and human livelihoods and activities.)

(ਇਸ ਕੜੀ ਵਿਚ ਦੱਸਿਆ ਗਿਆ ਹੈ ਕਿ ਧਰਤੀ 'ਤੇ ਜੀਵਨ ਦੇ ਲਈ ਮਹਾਂਸਾਗਰਾਂ ਦੀ ਕਿੰਨੀ ਮਹੱਤਤਾ ਹੈ। ਇਸ ਦੁਆਰਾ ਉਨ੍ਹਾਂ ਬਹੁਤ ਸਾਰੇ ਤਰੀਕਿਆਂ ਨੂੰ ਦਰਸਾਇਆ ਗਿਆ ਹੈ ਜਿਨ੍ਹਾਂ ਨਾਲ ਮਹਾਂਸਾਗਰੀ ਪ੍ਰਸਥਿਤਿਕੀ ਤੰਤਰ ਧਰਤੀ ਉਪਰਲੀ ਜੈਵ-ਵਿਭਿੰਨਤਾ, ਮਨੁੱਖ ਦੇ ਜੀਵਨ ਤੇ ਦੂਸਰੀਆਂ ਕਈ ਗਤੀਵਿਧੀਆਂ ਵਿਚ ਸਹਾਇਕ ਸਿੱਧ ਹੁੰਦੇ ਹਨ।)

ਪਾਤਰ

1. ਇਸਤਰੀ ਸੂਤਰਧਾਰ
2. ਪੁਰਸ਼ ਸੂਤਰਧਾਰ
3. ਟੀਨਾ: ਮਛੇਰੇ ਪਰਿਵਾਰ ਦੀ ਕੁੜੀ (9-10 ਸਾਲ)
4. ਪ੍ਰਭਾਤ: ਟੀਨਾ ਦਾ ਵੱਡਾ ਭਰਾ (14-15 ਸਾਲ)
5. ਸਮੀਰ: ਟੀਨਾ ਅਤੇ ਪ੍ਰਭਾਤ ਦਾ ਪਿਤਾ/ਮਛੇਰਾ (35-40 ਸਾਲ)
6. ਵਿੱਦਿਆ: ਟੀਨਾ ਅਤੇ ਪ੍ਰਭਾਤ ਦੀ ਮਾਂ/ਸਮੁਦਾਇਕ ਸਿਹਤ ਕਰਮੀ
7. ਗੁਰਿੰਦਰ: ਸੁੰਦਰਵਣ ਵਿਚ ਖੋਜ ਕਰਦੀ ਲੜਕੀ
8. ਹਰਜੀਤ: ਸੁੰਦਰਵਣ ਵਿਚ ਖੋਜ ਕਰਦਾ ਲੜਕਾ

ਲੜੀਵਾਰ ਦੇ ਸੰਗੀਤ ਦੀ ਧੁਨ................................ਮੱਧਮ ਪੈ ਕੇ ਅਲੋਪ ਹੋ ਜਾਂਦੀ ਹੈ

<u>ਸ਼ੁਰੂਆਤੀ ਐਲਾਨ</u>

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਸੁਣ ਰਿਹਾ ਹੈ )

ਟਿਕਾਊ ਵਿਕਾਸ - ਚਲਦੀ ਰਹੇ ਇਹ ਜ਼ਿੰਦਗੀ......

(ਸੰਗੀਤ...)

**ਐਲਾਨ:** ਇਹ ਆਲ ਇੰਡੀਆ ਰੇਡਿਓ ਹੈ। ਵਿਗਿਆਨ ਲੜੀਵਾਰ "ਟਿਕਾਊ ਵਿਕਾਸ - ਚਲਦੀ ਰਹੇ ਇਹ ਜ਼ਿੰਦਗੀ" ਦੀਆਂ ਚਾਲੀ ਕੜੀਆਂ ਰਾਹੀਂ ਅਸੀਂ ਕੀਤੀ ਹੈ ਗੱਲ ਸਾਡੇ ਕੁਦਰਤ ਵਿਰੋਧੀ ਖਪਤਵਾਦ ਨਾਲ ਲੱਦੇ ਵਿਕਾਸ ਮਾਡਲ ਦੀ

ਜਿਸਨੇ ਬਦਲ ਦਿੱਤੀ ਹੈ ਸਾਡੀ ਤਰਜੇ ਜਿੰਦਗੀ ! ਬਣਾ ਦਿੱਤਾ ਹੈ ਸਾਨੂੰ ਖਪਤਵਾਦ ਦਾ ਗੁਲਾਮ ! ਗੱਲ ਕੀਤੀ ਹੈ ਇਸ ਖਪਤਵਾਦ ਦੇ ਕਾਰਨ , ਨਿੱਕਲ ਰਹੇ ਸਿੱਟਿਆਂ ਦੀ, ਖਤਰਿਆਂ ਦੀ, ਜੋ ਦਰਪੇਸ਼ ਨੇ ਸਾਡੇ ਇਸ ਧਰਤ ਗ੍ਰਹਿ ਨੂੰ , ਇਥੋਂ ਦੇ ਸਮੁੰਦਰਾਂ , ਪਹਾੜਾਂ, ਜੰਗਲ ਬੇਲਿਆਂ, ਜੰਗਲੀ ਜਾਨਵਰਾਂ, ਪਸ਼ੂ -ਪੰਛੀਆਂ ਤੇ ਦਰਿਆਵਾਂ ਨੂੰ ਤੇ ਮਨੁਖਤਾ ਨੂੰ ! ਅੱਜ ਦੀ ਕੜੀ **"ਬਿਨ ਸਾਗਰ ਸੱਭ ਸੁੰਨ"** ਵਿੱਚ ਹੈ ਪੇਸ਼ਕਾਰੀ ਸਾਡੇ ਇਸ ਧਰਤ ਗ੍ਰਹਿ 'ਤੇ ਜੀਵਣ ਦੀ ਹੋਂਦ ਵਾਸਤੇ ਸਾਗਰਾਂ ਦੀ ਪਰਿਆਵਰਣੀ ਪ੍ਰਣਾਲੀ ਦੀ ਮਹੱਤਤਾ ਬਾਬਤ !

**ਸੰਗੀਤ (ਸਿਰਲੇਖ ਗੀਤ ਦਾ ਸੰਗੀਤ ਟ੍ਰੈਕ ਮੁੜ ਸੁਣਾਇਆ ਜਾਵੇਗਾ)**

**ਔਰਤ ਸੂਤਰਧਾਰ:** ਵਿਗਿਆਨ ਲੜੀਵਾਰ "ਚਲਦੀ ਰਹੇ ਇਹ ਜਿੰਦਗੀ" ਦੀ 41ਵੀਂ ਕੜੀ ਵਿੱਚ ਸਾਰੇ ਸ੍ਰੋਤਿਆਂ ਨੂੰ ਸ਼ੁੱਭ ਸਵੇਰ !

**ਮਰਦ ਸੂਤਰਧਾਰ:**ਪਿਛਲੀ ਕੜੀ **"ਸਹਿਮਿਆ ਹੋਇਆ ਸਮੁੰਦਰ"** ਵਿੱਚ ਸੀ ਕਹਾਣੀ ਭਾਰਤ ਦੇ ਸਾਗਰਾਂ ਦੇ ਪ੍ਰਸਿਥਿਤਿਕ ਤੰਤਰ ਦੀ !

**ਔਰਤ ਸੂਤਰਧਾਰ:**ਸੁਣਿਆ ਸੀ ਬ੍ਰਿਤਾਂਤ ਸਾਡੇ ਸਮੁੰਦਰੀ ਸਾਢੇ ਸੱਤ ਹਜਾਰ ਕਿਲੋ ਮੀਟਰ ਵਿੱਚ ਫੈਲੇ ਤਟ ਦਾ !

**ਮਰਦ ਸੂਤਰਧਾਰ:** ਸੁਣ ਚੁੱਕੇ ਹਾਂ ਗਾਥਾ ਉਦਯੋਗਾਂ ਵੱਲੋਂ ਸਿੱਟੇ ਜਾਂਦੇ ਰਸਾਇਣਾਂ ਨਾਲ ਫੈਲਦੇ ਸਮੁੰਦਰੀ ਪ੍ਰਦੂਸ਼ਣ ਦੀ !

**ਔਰਤ ਸੂਤਰਧਾਰ:** ਸੁਣਾਈ ਸੀ ਕਹਾਣੀ ਕਿ ਕਿਵੇਂ ਨੌਂ ਸੂਬਿਆਂ ਦੇ ਤਟੀ ਲੋਕਾਂ ਦਾ ਜੀਵਣ ਹੈ ਨਿਰਭਰ ਸਾਡੇ ਸਾਗਰਾਂ 'ਤੇ

**ਮਰਦ ਸੂਤਰਧਾਰ:** ਸੁਣੀ ਸੀ ਗਾਥਾ ਸਾਡੇ ਪੱਛਮੀ ਅਰਬ ਸਾਗਰੀ ਤਟ ਤੋਂ ਪੂਰਬ ਵਿੱਚ ਖਾੜੀ ਬੰਗਾਲ ਤੱਕ ਦੇ ਤਟ ਦੀ !

**ਔਰਤ ਸੂਤਰਧਾਰ:** ਸੁਣਿਆ ਸੀ ਬ੍ਰਿਤਾਂਤ ਕਿ ਕਿਵੇਂ ਬਾਹਰੋਂ ਆਏ ਲੋਕਾਂ ਨੇ ਵੱਡੀਆਂ ਛੋਟੀਆਂ ਮੱਛੀਆਂ ਨੂੰ ਵੱਡੇ ਟਰਾਲਿਆਂ ਤੇ ਜਾਲਾਂ ਨਾਲ ਫੜ-ਫੜ ਕੇ ਕਰ ਦਿੱਤਾ ਹੈ ਖਤਮ !

**ਮਰਦ ਸੂਤਰਧਾਰ:** ਕਹਾਣੀ ਸੀ ਕਿ ਕਿਵੇਂ ਸਮੁੰਦਰੀ ਤਟ ਦੇ ਕਰੋੜਾਂ ਪ੍ਰਵਾਰ ਧੱਕੇ ਗਏ ਨੇ ਅਤਿ ਦੀ ਗਰੀਬੀ ਵਿੱਚ ! ਵਿਕ ਗਏ ਉਨ੍ਹਾਂ ਗਰੀਬਾਂ ਦੇ ਬੇੜੇ ਤੇ ਜਾਲ, ਬਣ ਗਏ ਉਹ ਮਜਦੂਰ ਮੱਛੀ ਉਦਯੋਗ ਦੇ ਵੱਡੇ ਖਿਡਾਰੀਆਂ ਦੇ!

**ਔਰਤ ਸੂਤਰਧਾਰ:** ਅੱਜ ਦੀ ਇਸ ਇਕਤਾਲੀਵੀਂ ਕੜੀ **"ਬਿਨ ਸਾਗਰ ਸੱਭ ਸੁੰਨ"** ਵਿੱਚ ਪੇਸ਼ ਹੈ ਕਹਾਣੀ ਸਾਗਰਾਂ ਦੀ ਅਹਿਮੀਅਤ ਦੀ !

**ਮਰਦ ਸੂਤਰਧਾਰ:** ਹੋਵੇਗੀ ਗੱਲ ਅੱਜ! ਉਸ ਮਹੱਤਤਾ ਦੀ ਜੋ ਹੈ ਇਨ੍ਹਾਂ ਸਾਗਰਾਂ ਦੇ ਪ੍ਰਸਥਿਤਿਕ ਤੰਤਰ ਦੀ! ਸਾਡੇ ਧਰਤ ਗ੍ਰਹਿ ਦੀ ਹੋਂਦ ਵਾਸਤੇ ! ਪੇਸ਼ ਕਰਦੇ ਨੇ ਇਉਂ ਸਾਡੇ ਇਹ ਕਲਾਕਾਰ !

**(ਸਿਰਲੇਖ ਗੀਤ ਦਾ ਸੰਗੀਤ ਟ੍ਰੈਕ ਮੱਧਮ ਪੈਂਦਾ ਹੈ)**

**---------ਦ੍ਰਿਸ਼ ਪਰਿਵਰਤਨ ਸੰਗੀਤ--------**

**ਦ੍ਰਿਸ਼ ਪਹਿਲਾ**

**(ਸਥਾਨ: ਪੱਛਮੀ ਬੰਗਾਲ ਦਾ ਸੁੰਦਰਵਣ, ਰਾਤ ਦਾ ਸਮਾਂ)**

**ਟੀਨਾ** (ਉਤਸ਼ਹਿਤ ਹੋਕੇ): ਜਾਗੋ ਪਾਪਾ.....ਉਠੋ ਜਲਦੀ..। ਸੂਰਜ ਸਿਰ 'ਤੇ ਚੜ੍ਹ ਆਇਆ । ਤੁਸੀਂ ਵਾਅਦਾ ਕੀਤਾ ਸੀ। ਛੇਤੀ ਉਠੋ !

**ਸਮੀਰ** (ਅੱਧੀ ਨੀਂਦ ਵਿਚ): ਹੂ...ਹੂ..।

**ਟੀਨਾ**: ਉਠੋ ਪਾਪਾ ! ਤੁਸੀਂ ਤਾਂ ਵਾਅਦਾ ਕੀਤਾ ਸੀ ਅੱਜ ਮੈਨੂੰ ਆਪਣੇ ਨਾਲ ਕਿਸ਼ਤੀ 'ਤੇ ਲੈ ਕੇ ਜਾਣ ਦਾ !

**ਸਮੀਰ** (ਅੱਧੀ ਨੀਂਦ ਵਿਚ): ਹੂ.. ਅੱਜ?.. ਕੀ?

**ਟੀਨਾ** (ਗੁੱਸੇ ਵਿਚ): ਪਾਪਾ, ਤੁਸੀਂ ਕਿਹਾ ਸੀ ਕਿ ਜਦੋਂ ਮੈਂ ਨੌਂ ਸਾਲ ਦੀ ਹੋ ਜਾਵਾਂਗੀ ਤਾਂ ਤੁਸੀਂ ਮੈਨੂੰ ਕਿਸਤੀ ਤੇ ਲੈ ਜਾਵੋਗੇ। ਅੱਜ ਮੇਰਾ ਜਨਮਦਿਨ ਹੈ ! ਮੈਂ ਨੌਂ ਸਾਲ ਦੀ ਹੋ ਚੁੱਕੀ ਹਾਂ। ਪ੍ਰਭਾਤ ਵੀਰੇ ਨੂੰ ਤਾਂ ਤੁਸੀਂ ਲੈ ਗਏ ਸੀ ਜਦੋਂ ਉਹ ਨੌਂ ਸਾਲ ਦੇ ਹੋਏ ਸਨ ! ਇਹ ਤਾਂ ਗ਼ਲਤ ਗੱਲ ਏ! ਤੁਸੀਂ ਮੇਰੇ ਨਾਲ ਵਾਅਦਾ ਕੀਤਾ ਸੀ।

**ਸਮੀਰ** (ਆਲਸੀ ਆਵਾਜ਼ ਵਿਚ): ਠੀਕ ਆ ਟੀਨਾ.. ਠੀਕ ਆ! ਮੇਰੀ ਛੋਟੀ ਕਪਤਾਨ!ਘੱਟੋਂ ਘੱਟ ਉੱਠ ਕੇ ਮੈਨੂੰ ਇਕ ਕੱਪ ਚਾਹ ਤਾਂ ਪੀ ਲੈਣ ਦੇ।ਦੇਖ ਤਾਂ ਤੇਰੀ ਮੰਮੀ ਨੇ ਰੋਟੀ ਬੰਨ੍ਹ ਦਿੱਤੀ ਜਾਂ ਨਹੀਂ। ਉਸਨੂੰ ਆਖਣਾ ਕਿ ਕੁਝ ਜ਼ਿਆਦਾ ਰੋਟੀਆਂ ਬੰਨ੍ਹ ਦੇਵੇ। ਅੱਜ ਗੁਰਿੰਦਰ ਤੇ ਹਰਜੀਤ ਵੀ ਸਾਡੇ ਨਾਲ ਆ ਰਹੇ ਹਨ।

**ਟੀਨਾ** (ਖੁਸ਼ੀ ਨਾਲ ਤਾੜੀ ਵਜਾਉਂਦੇ ਹੋਏ): ਵਾਹ..! ਗੁਰਿੰਦਰ ਦੀਦੀ ਅਤੇ ਹਰਜੀਤ ਵੀਰ ਜੀ ਦੇ ਨਾਲ ਤਾਂ ਬਹੁਤ ਮਜ਼ਾ ਆਵੇਗਾ।

**ਵਿੱਦਿਆ** (ਉਲਾਂਭੇ ਭਰੀ ਆਵਾਜ਼ ਵਿਚ): ਸੁਣੋ ਜੀ...! ਤੁਹਾਨੂੰ ਟੀਨਾ ਨਾਲ ਇਸ ਤਰ੍ਹਾਂ ਦਾ ਵਾਅਦਾ ਨਹੀਂ ਸੀ ਕਰਨਾ ਚਾਹੀਦਾ। ਉਹ ਤਾਂ ਰਾਤ ਸੁੱਤੀ ਵੀ ਨਹੀਂ ਤੇ ਮੈਨੂੰ ਵੀ ਇਕ ਘੰਟਾ ਪਹਿਲਾਂ ਹੀ ਉਠਾ ਦਿੱਤਾ! ਹਾਂ ਮੈਂ ਗੁਰਿੰਦਰ ਤੇ ਹਰਜੀਤ ਦੇ ਲਈ ਵੀ ਰੋਟੀ ਬੰਨ੍ਹ ਦਿੱਤੀ ਹੈ।ਧਿਆਨ ਰੱਖਣਾ। ਇਹ ਹਰੇ ਹੈਂਡਲ ਵਾਲਾ ਡੱਬਾ ਉਨ੍ਹਾਂ ਦਾ ਏ। ਮੈਂ ਉਨ੍ਹਾਂਦੇ ਲਈ ਘੱਟ ਤੇਲ ਵਾਲਾ ਖਾਣਾ ਤਿਆਰ ਕੀਤਾ ਹੈ।

**ਸਮੀਰ**: ਵਿੱਦਿਆ...! ਤੁਸੀਂ ਉਨ੍ਹਾਂ ਦੀ ਚਿੰਤਾ ਨਾ ਕਰੋ। ਉਨ੍ਹਾਂ ਵਰਗੇ ਆਤਮ ਨਿਰਭਰ ਯੁਵਕ -ਯੁਵਤੀਆਂ ਨੂੰ ਦੇਖ ਕੇ ਮੈਨੂੰ ਬਹੁਤ ਖੁਸ਼ੀ ਹੁੰਦੀ ਹੈ। ਬਾਹਰਲੇ ਹੋਣ ਦੇ ਬਾਵਜੂਦ ਉਹ ਇੱਥੇ ਕਿੰਨੇ ਸਹਿਜ ਨਾਲ ਰਹਿ ਰਹੇ ਹਨ। ਮੇਰੀ ਇੱਛਾ ਹੈ ਕਿ ਟੀਨਾ ਤੇ ਪ੍ਰਭਾਤ ਵੀ ਵੱਡੇ ਹੋ ਕਿ ਉਨ੍ਹਾਂ ਦੀ ਤਰ੍ਹਾਂ ਸਮਰਥ ਤੇ ਆਤਮ ਨਿਰਭਰ ਬਣਨ।

**ਵਿੱਦਿਆ**: ਹਾਂ ! ਇੱਥੇ ਆਇਆਂ ਨੂੰ ਦੋ ਸਾਲ ਹੋਣ ਵਾਲੇ ਹਨ ਪਰ ਲੱਗਦਾ ਏ ਕਿ ਜਿਵੇਂ ਅਜੇ ਕੱਲ੍ਹ ਦੀ ਹੀ ਗੱਲ ਹੋਵੇ !

**ਟੀਨਾ**: ਪਾਪਾ, ਤੁਸੀਂ ਆਪਣੀ ਚਾਹ ਛੇਤੀ ਪੀ ਲਓ। ਸੂਰਜ ਚੜ੍ਹਣ ਤੋਂ ਪਹਿਲਾਂ ਹੀ ਸਾਨੂੰ ਕਿਸ਼ਤੀ 'ਤੇ ਪਹੁੰਚ ਜਾਣਾ ਚਾਹੀਦਾ ਹੈ। ਗੁਰਿੰਦਰ ਦੀਦੀ ਤੇ ਹਰਜੀਤ ਵੀਰਜੀ ਸਾਨੂੰ ਉਡੀਕ ਰਹੇ ਹੋਣਗੇ।

**ਵਿੱਦਿਆ**: ਠੀਕ ਆ ਟੀਨਾ...! ਪਰ ਐਨੀ ਜ਼ਿੱਦ ਵੀ ਨਾ ਕਰ ! (ਕੁਝ ਉੱਚੇ ਸਵਰ ਵਿਚ) ਪ੍ਰਭਾਤ...! ਬੇਟਾ ਪ੍ਰਭਾਤ ! ਤੂੰ ਵੀ ਛੇਤੀ ਆ ਤੇ ਚਾਹ ਨਾਸ਼ਤਾ ਕਰ ਲੈ ! (ਆਮ ਆਵਾਜ਼ ਵਿਚ) ਟੀਨਾ, ਦੇਖ ਤਾਂ ਪ੍ਰਭਾਤ ਉੱਠਿਆ ਕਿ ਨਹੀਂ।

**ਪ੍ਰਭਾਤ** (ਹੌਲੀ-ਹੌਲੀ ਨੇੜੇ ਆਉਂਦੀ ਹੋਈ ਆਵਾਜ਼): ਮੰਮੀ, ਮੈਂ ਜਾਗਦਾ ਹੀ ਹਾਂ। ਵੈਸੇ ਵੀ ਸਵੇਰੇ-ਸਵੇਰੇ ਐਨੇ ਸ਼ੋਰ ਵਿਚ ਭਲਾ ਕਿਸੇ ਨੂੰ ਨੀਂਦ ਕਿਵੇਂ ਆ ਸਕਦੀ ਏ ?

**ਟੀਨਾ** (ਉਤਸ਼ਾਹ ਦੇ ਨਾਲ) ਪਤਾ ਏ..। ਅੱਜ ਪਾਪਾ ਮੈਨੂੰ ਕਿਸ਼ਤੀ ਵਿਚ ਆਪਣੇ ਨਾਲ ਲੈਕੇ ਜਾ ਰਹੇ ਨੇ । ਹੁਣ ਮੈਂ ਵੀ ਵੱਡੀ ਹੋ ਗਈ ਹਾਂ। ਐਨੀ ਹੀ ਉਮਰ ਵਿਚ ਪਾਪਾ ਤੁਹਾਨੂੰ ਵੀ ਪਹਿਲੀ ਵਾਰ ਮੱਛੀ ਫੜਣ ਦੇ ਲਈ ਲੈ ਗਏ ਸਨ। (ਇਤਰਾਉਂਦੇ ਹੋਏ) ਹੁਣ ਮੈਂ ਵੀ ਓਨੀ ਹੀ ਸਮਝਦਾਰ ਹੋ ਗਈ ਹਾਂ ਜਿੰਨੇ ਤੁਸੀਂ ਹੋ।

**ਪ੍ਰਭਾਤ** (ਖਿੜਦੇ ਹੋਏ): ਵਾਹ..! ਤੈਨੂੰ ਲੱਗਦਾ ਹੈ ਕਿ ਤੂੰ ਮੇਰੇ ਜਿੰਨੀ ਹੀ ਸਮਝਦਾਰ ਹੈਂ। ਓ ਨਾਦਾਨ ! ਮੇਰੀ ਤੇ ਤੇਰੀ ਬਰਾਬਰੀ ਭਲਾ ਕਿਵੇਂ ਹੋ ਸਕਦੀ ਹੈ?

**ਵਿੱਦਿਆ** (ਗੁੱਸੇ ਨਾਲ): ਬਸ ਕਰੋ..! ਬਹੁਤ ਹੋ ਗਿਆ। ਰੋਟੀ ਖਾਉ ਤੇ ਤਿਆਰ ਹੋਵੋ। ਪ੍ਰਭਾਤ, ਘੱਟੋ ਘੱਟ ਅੱਜ ਤਾਂ ਆਪਣੀ ਭੈਣ ਨੂੰ ਤੰਗ ਨਾ ਕਰ। ਅੱਜ ਉਸ ਦਾ ਜਨਮ ਦਿਨ ਹੈ।

**ਪ੍ਰਭਾਤ** (ਬੇਹੁਦਗੀ ਨਾਲ): ਉਸ ਨੂੰ ਪ੍ਰੇਸ਼ਾਨ ਕਰਨ ਦੀ ਲੋੜ ਹੀ ਕਿੱਥੇ ਹੈ? ਉਹ ਤਾਂ ਜਨਮਜਾਤ ਪ੍ਰੇਸ਼ਾਨ ਏ।

**ਵਿੱਦਿਆ** (ਗੁੱਸੇ ਨਾਲ ਚੀਕਦੇ ਹੋਏ): ਪ੍ਰਭਾਤ!

**ਪ੍ਰਭਾਤ** (ਹੱਸਦੇ ਹੋਏ।) ਸੌਰੀ...ਸੌਰੀ ਮੰਮੀ...! ਤੁਹਾਡਾ ਹੁਕਮ ਸਿਰ ਮੱਥੇ।

-----------**ਦ੍ਰਿਸ਼ ਪਰਿਵਰਤਨ ਸੰਗੀਤ**----------

**ਦ੍ਰਿਸ਼ ਦੂਜਾ**

**(ਸਮੁੰਦਰ ਦਾ ਕਿਨਾਰਾ/ਲਹਿਰਾਂ ਦਾ ਸ਼ੋਰ/ ਸਮੁੰਦਰੀ ਪੰਛੀਆਂ ਦੀ ਆਵਾਜ਼/ ਮਛੇਰਿਆਂ ਦੇ ਜ਼ੋਰ-ਜ਼ੋਰ ਨਾਲ ਬੋਲਣ ਦਾ ਸ਼ੋਰ/ ਕਿਸ਼ਤੀ ਨੂੰ ਤਿਆਰ ਕਰਨ ਦੀ ਆਵਾਜ਼ )**

**ਟੀਨਾ ਤੇ ਪ੍ਰਭਾਤ** (ਜ਼ੋਰ ਨਾਲ ਚੀਕਦੇ ਹੋਏ।) ਗੁਰਿੰਦਰ ਦੀਦੀ...! ਹਰਜੀਤ ਵੀਰ ਜੀ...! ਅਸੀਂ ਇੱਥੇ ਹਾਂ...। ਇਧਰ...ਹਾਂ...। ਤੁਸੀਂ ਦੋਵੇਂ ਵੀ ਇੱਥੇ ਆ ਜਾਉ !

(ਚੱਲਣ ਦੀ ਆਵਾਜ਼/ ਹੌਲੀ-ਹੌਲੀ ਆਉਂਦੀ ਹੋਈ।)

**ਗੁਰਿੰਦਰ:** ਹੈਲੋ! ਬੱਚਿਓ... ਕੀ ਹਾਲ ਆ ? ਨਮਸਤੇ ਸਮੀਰ ਜੀ...! ਕਿਵੇਂ ਹੋ ਤੁਸੀਂ?

**ਹਰਜੀਤ** : ਮੇਰੇ ਵੱਲੋਂ ਵੀ ਸਾਰਿਆਂ ਨੂੰ ਨਮਸਤੇ!

**ਸਮੀਰ:** ਨਮਸਤੇ ਹਰਜੀਤ...। ਨਮਸਤੇ ਗੁਰਿੰਦਰ...।

**ਹਰਜੀਤ:** ਇਹ ਕੀ ? ਟੀਨਾ ! ਕੀ ਤੂੰ ਵੀ ਸਾਡੇ ਨਾਲ ਚੱਲ ਰਹੀ ਹੈਂ ?

**ਸਮੀਰ:** ਅੱਜ ਇਸ ਦਾ ਜਨਮ ਦਿਨ ਹੈ। ਮੈਂ ਇਸ ਨਾਲ ਵਾਅਦਾ ਕੀਤਾ ਸੀ ਕਿ ਨੌਂ ਸਾਲ ਦੀ ਹੋਣ 'ਤੇ ਇਸ ਨੂੰ ਆਪਣੇ ਨਾਲ ਕਿਸ਼ਤੀ ਵਿਚ ਲੈ ਕੇ ਜਾਵਾਂਗਾ। ਬਸ ਉਦੋਂ ਤੋਂ ਇਹ ਮੇਰੇ ਪਿੱਛੇ ਹੀ ਪੈ ਗਈ ! ਤੁਹਾਨੂੰ ਕੋਈ ਪ੍ਰੇਸ਼ਾਨੀ ਤਾਂ ਨਹੀਂ ਹੋਵੇਗੀ ?

**ਗੁਰਿੰਦਰ:** ਸਮੀਰ ਜੀ! ਕਿਹੋ ਜਿਹੀ ਗੱਲ ਕਰ ਦਿੱਤੀ ਤੁਸੀਂ ? ਸਾਨੂੰ ਕਾਹਦੀ ਪ੍ਰੇਸ਼ਾਨੀ ? ਸਭ ਤੋਂ ਪਹਿਲਾਂ ਤਾਂ ਟੀਨਾ ਨੂੰ ਜਨਮ

ਦਿਨ ਦੀਆਂ ਮੁਬਾਰਕਾਂ!

**ਟੀਨਾ:** ਥੈਂਕ ਯੂ ਦੀਦੀ।

**ਹਰਜੀਤ:** ਬਹੁਤ ਖੁਸ਼ੀ ਦੀ ਗੱਲ ਏ ਕਿ ਬਰਥ ਡੇ ਗਰਲ ਅੱਜ ਸਾਡੇ ਨਾਲ ਕਿਸ਼ਤੀ ਵਿਚ ਜਾ ਰਹੀ ਏ।

**(ਲਹਿਰਾਂ ਦਾ ਸ਼ੋਰ/ ਲਹਿਰਾਂ ਦੇ ਕਿਸ਼ਤੀ ਨਾਲ ਟਕਰਾਉਣ ਦੀ ਆਵਾਜ਼/ ਕਿਸ਼ਤੀ ਵਿਚ ਚੜ੍ਹਣ ਦੀ ਧੁਨੀ/ ਮੋਟਰ ਇੰਜਣ ਸਟਾਰਟ ਹੋਣ ਦੀ ਅਵਾਜ਼)**

**ਟੀਨਾ:** ਵਾਹ... ਕਿੰਨਾ ਖੂਬਸੂਰਤ ਏ ਇਹ ਸਮੁੰਦਰ ! ਕਾਸ਼! ਮੈਂ ਮੱਛੀ ਹੁੰਦੀ...ਹਮੇਸ਼ਾ ਸਮੁੰਦਰ ਵਿਚ ਹੀ ਰਹਿੰਦੀ ! ਕਿੰਨਾ ਚੰਗਾ ਹੁੰਦਾ ਜੇਕਰ ਅਸੀਂ ਵੀ ਸਮੁੰਦਰ ਵਿਚ ਰਹਿ ਸਕਦੇ !

**ਗੁਰਿੰਦਰ:** ਪਿਆਰੀ ਟੀਨਾ ਰਾਣੀ ! ਸਾਡੀ ਧਰਤੀ ਉੱਪਰ ਜੀਵਨ ਦੀ ਸ਼ੁਰੂਆਤ ਹੀ ਸਮੁੰਦਰ ਵਿਚ ਹੋਈ ਹੈ ! ਅਰਬਾਂ ਸਾਲ ਪਹਿਲਾਂ ਇਕ ਦੌਰ ਅਜਿਹਾ ਸੀ ਜਦੋਂ ਜੀਵ ਸਿਰਫ਼ ਸਮੁੰਦਰ ਵਿਚ ਹੀ ਰਹਿੰਦੇ ਸਨ । ਅੱਜ ਇਸ ਧਰਤੀ ‘ਤੇ ਜਿੰਨੇ ਵੀ ਪ੍ਰਾਣੀ ਹਨ... ਚਾਹੇ ਉਹ ਮਨੁੱਖ ਹੋਵੇ, ਜਾਨਵਰ ਜਾਂ ਫਿਰ ਪੰਛੀ... ਸਾਰੇ ਉਨ੍ਹਾਂ ਸਮੁੰਦਰੀ ਜੀਵਾਂ ਤੋਂ ਹੀ ਬਣੇ ਹਨ।

**ਟੀਨਾ** (ਹੈਰਾਨੀ ਨਾਲ): ਅੱਛਾ! ਕਿਹੜੇ ਸਨ ਉਹ ਜੀਵ? ਕੀ ਉਹ ਜਲ ਪਰੀਆਂ ਸਨ?

**ਗੁਰਿੰਦਰ:** ਟੀਨਾ! ਅੱਜ ਤੋਂ ਲਗਭਗ 3 ਅਰਬ (300 ਕਰੋੜ) ਸਾਲ ਪਹਿਲਾਂ ਧਰਤੀ ਇਕ ਨਵਾਂ-ਨਵਾਂ ਗ੍ਰਹਿ ਸੀ ! ਉਦੋਂ ਸਭ ਕੁਝ ਅੱਜ ਵਰਗਾ ਨਹੀਂ ਸੀ! ਧਰਤੀ ਬਹੁਤ ਗਰਮ ਸੀ ਤੇ ਇੱਥੇ ਸੌਖ ਨਾਲ ਸਾਂਹ ਲੈਣ ਵਾਸਤੇ ਲੋੜੀਂਦੀ ਆਕਸੀਜਨ ਵੀ ਨਹੀਂ ਸੀ!

**ਹਰਜੀਤ:** ਨਾ ਦਰਖਤ ਸਨ ਤੇ ਨਾ ਹੀ ਕੋਈ ਹੋਰ ਬਨਸਪਤੀ। ਅਜਿਹੇ ਵਿਚ ਕਿਸੇ ਜੀਵ ਦੇ ਰੈਣ ਬਸੇਰੇ ਲਈ ਸਮੁੰਦਰ ਹੀ ਇਕੱਲੀ ਥਾਂ ਸੀ, ਜਿੱਥੇ ਉਹ ਅਸਾਨੀ ਨਾਲ ਜਿਉਂਦੇ ਰਹਿ ਸਕਣ (ਹਲਕੀ ਹਾਸੀ ਦੇ ਨਾਲ) ਸਮੁੰਦਰ ਨੂੰ ਬਹੁਤ ਸਾਰੀਆਂ ਜ਼ਿੰਦਗੀਆਂ ਦਾ ਪਾਲਣਹਾਰਾ ਵੀ ਕਿਹਾ ਜਾ ਸਕਦਾ ਹੈ ।

**ਟੀਨਾ** (ਉਤਸ਼ਾਹਿਤ ਹੋ ਕੇ): ਵਾਹ..! ਕਿੰਨੀ ਵਧੀਆ ਗੱਲ ਦੱਸੀ ਹੈ। ਕਾਸ਼! ਮੈਂ ਵੀ ਉਦੋਂ ਉੱਥੇ ਹੁੰਦੀ। ਮੈਂ ਵੀ ਸਮੁੰਦਰ ਵਿਚ ਹੀ ਰਹਿੰਦੀ ਅਤੇ ਜਿਥੇ ਚਾਹੁੰਦੀ ਉਥੇ ਮਜ਼ੇ ਨਾਲ ਤੈਰਦੀ।

**ਪ੍ਰਭਾਤ:** ਦੀਦੀ, ਇਕ ਗੱਲ ਦੱਸੋ। ਇਹ ਜੀਵ ਸਮੁੰਦਰ ਨੂੰ ਛੱਡ ਕੇ ਧਰਤੀ ਵੱਲ ਕਿਉਂ ਮੁੜੇ ?

**ਗੁਰਿੰਦਰ:**ਹਾਂ, ਅਰਬਾਂ ਸਾਲਾਂ ਦੇ ਬਾਅਦ! ਅੱਜ ਤੋਂ ਲਗਭਗ 40 ਕਰੋੜ ਸਾਲ ਪਹਿਲਾਂ, ਹੌਲੀ-ਹੌਲੀ ਇਹ ਧਰਤੀ ਜੀਵ- ਜੰਤੂਆਂ ਦੇ ਲਈ ਯੋਗ ਬਣਨ ਲੱਗੀ। ਇੱਥੇ ਸਾਹ ਲੈਣ ਲਈ ਸਹੀ ਮਾਤਰਾ ਵਿਚ ਆਕਸੀਜਨ ਬਣੀ ਤੇ ਹੋਰ ਕਈ ਪ੍ਰਕਾਰ ਦਾ ਭੋਜਨ ਵੀ। ਅਜਿਹੇ ਦੌਰ ਵਿਚ ਕੁਝ ਸਮੁੰਦਰੀ ਜੀਵ ਮਹਾਂਸਾਗਰਾਂ ਵਿਚੋਂ ਨਿੱਕਲ ਕੇ ਜਮੀਨ ‘ਤੇ ਵੀ ਲੰਮਾ-ਲੰਮਾ ਸਮਾਂ ਬਤੀਤ ਕਰਨ ਲੱਗੇ।

**ਪ੍ਰਭਾਤ:** ਦੀਦੀ, ਉਦੋਂ ਅਜਿਹਾ ਕੀ ਹੋਇਆ ਕਿ ਧਰਤੀ ‘ਤੇ ਜੀਵਨ ਸੰਭਵ ਹੋ ਸਕਿਆ ? ਆਕਸੀਜਨ ਤੇ ਭੋਜਨ ਕਿੱਥੋਂ ਆਏ ?

**ਗੁਰਿੰਦਰ:** ਬਹੁਤ ਚੰਗਾ ਸਵਾਲ ਕੀਤਾ ਪ੍ਰਭਾਤ ! ਇਸ ਮਾਮਲੇ ਵਿੱਚ ਸਮੁੰਦਰ ਦਾ ਬਹੁਤ ਵੱਡਾ ਯੋਗਦਾਨ ਸੀ। ਸਮੁੰਦਰ ਦੀ ਸਤ੍ਹਾ ‘ਤੇ ਬਹੁਤ ਛੋਟੇ ਪੌਦੇ ਅਤੇ ਹੋਰ ਸੂਖਮ ਜੀਵ ਸਨ। ਉਨ੍ਹਾਂ ਨੂੰ ਫਾਈਟੋ-ਪਲੈਂਕਟਨ ਕਿਹਾ ਜਾਂਦਾ ਹੈ। ਇਹ ਐਨੇ ਛੋਟੇ ਹੁੰਦੇ ਹਨ ਕਿ ਕੇਵਲ ਮਾਈਕ੍ਰੋਸਕੋਪ ਯਾਨੀ ਖ਼ੁਰਦਬੀਨ ਨਾਲ ਹੀ ਦੇਖੇ ਜਾ ਸਕਦੇ ਹਨ।ਪਾਣੀ ਦੀ ਇਕ ਬੂੰਦ ਵਿਚ ਲੱਖਾਂ ਫਾਈਟੋ-ਪਲੈਂਕਟਨ ਹੋ ਸਕਦੇ ਹਨ।

**ਟੀਨਾ:** ਅੱਛਾ!

**ਪ੍ਰਭਾਤ:** ਮਤਲਬ ਕਿ ਉਹ ਜੀਵ ਓਨੇ ਹੀ ਛੋਟੇ ਸਨ ਜਿੰਨੇ ਸਾਡੀ ਚਮੜੀ ‘ਤੇ ਪਾਏ ਜਾਣ ਵਾਲੇ ਜੀਵਾਣੂ ਜਾ ਜਰਮ ਹੁੰਦੇ ਹਨ।

**ਗੁਰਿੰਦਰ**(ਹੱਸਦੇ ਹੋਏ): ਬਿਲਕੁਲ! ਕੁਝ-ਕੁਝ ਅਜਿਹਾ ਹੀ ਹੈ ! ਇਹ ਫਾਈਟੋ-ਪਲੈਂਕਟਨ ਦਿਨ ਭਰ ਲਹਿਰਾਂ ‘ਤੇ ਤੈਰਦੇ ਰਹਿੰਦੇ ਤੇ ਪ੍ਰਕਾਸ਼ ਸੰਸਲੇਸ਼ਣ ਕਰਦੇ ਰਹਿੰਦੇ ਹਨ।

**ਪ੍ਰਭਾਤ:** ਪੌਦੇ ਹਵਾ ਵਿਚ ਮੌਜੂਦ ਕਾਰਬਨਡਾਈਆਕਸਾਈਡ ਤੇ ਪਾਣੀ ਨੂੰ ਸੂਰਜੀ ਰੋਸ਼ਨੀ ਦੀ ਹੋਂਦ ਵਿੱਚ ਪ੍ਰਕਾਸ਼ ਸੰਸਲੇਸ਼ਣ ਰਾਹੀਂ ਹੀ ਤਾਂ ਭੋਜਨ ਵਿਚ ਬਦਲਦੇ ਹਨ। ਇਸ ਪ੍ਰਕਾਰ ਆਪਣਾ ਭੋਜਨ ਬਣਾਉਂਦੇ ਸਮੇ ਪੌਦੇ ਵਾਤਾਵਰਨ ਵਿਚ ਆਕਸੀਜਨ ਵੀ ਛੱਡਦੇ ਹਨ ਜਿਹੜੀ ਸਾਡੇ ਸਾਹ ਲੈਣ ਵਿਚ ਕੰਮ ਆਉਂਦੀ ਹੈ।

**ਗੁਰਿੰਦਰ:** ਸ਼ਾਬਾਸ ਪ੍ਰਭਾਤ! ਬਿਲਕੁਲ ਸਹੀ ਕਿਹਾ। ਕਰੋੜਾਂ ਸਾਲ ਪਹਿਲਾਂ ਮੌਜੂਦ ਫਾਈਟੋਪਲੈਂਕਟਾਨ ਤੇ ਪਾਣੀ ਵਿਚ ਰਹਿਣ ਵਾਲੇ ਪੌਦਿਆਂ ਦੀ ਬਦੌਲਤ ਇਸ ਧਰਤੀ ‘ਤੇ ਆਕਸੀਜਨ ਦੀ ਮਾਤਰਾ ਹੌਲੀ-ਹੌਲੀ ਵਧਦੀ ਗਈ ਤੇ ਧਰਤੀ ਵੀ ਜੀਵਾਂ ਦੇ ਜਿਉਣ ਦੇ ਅਨੁਕੂਲ ਬਣਦੀ ਗਈ।

**ਹਰਜੀਤ:** ਇਹ ਫਾਈਟੋਪਲੈਂਕਟਨ ਤਾਂ ਹੁਣ ਵੀ ਮਹਾਂਸਾਗਰਾਂ ਦੀ ਸਤ੍ਹਾ ‘ਤੇ ਮੌਜੂਦ ਹਨ ਅਤੇ ਧਰਤੀ ਦਾ ਅੱਧਾ ਪ੍ਰਕਾਸ਼ ਸੰਸਲੇਸ਼ਣ ਇਹ ਹੀ ਕਰਦੇ ਹਨ। ਬਾਕੀ ਅੱਧਾ ਕਰਦੇ ਨੇ ਹੋਰ ਪੇੜ-ਪੌਦੇ! ਇਹ ਇਕ ਵੱਡਾ ਤੋਹਫ਼ਾ ਹੈ ਸਾਡੇ ਲਈ, ਇਨ੍ਹਾਂ ਛੋਟੇ ਦੋਸਤਾਂ ਦਾ!

**(ਪ੍ਰਭਾਤ ਤੇ ਟੀਨਾ ਦੀ ਹਲਕੀ ਹਾਸੀ)**

**ਪ੍ਰਭਾਤ:** ਦੀਦੀ, ਅਸੀਂ ਸਕੂਲ ਵਿਚ ਡਾਈਨਾਸੋਰਾਂ ਦੇ ਬਾਰੇ ਪੜ੍ਹਿਆ ਸੀ। ਕੀ ਇਹ ਡਾਈਨਾਸੋਰ ਵੀ ਪਹਿਲਾਂ ਸਮੁੰਦਰ ਵਿਚ ਹੀ ਰਿਹਾ ਕਰਦੇ ਸਨ ?

**ਗੁਰਿੰਦਰ:** ਦੱਸਦੀ ਹਾਂ...ਦੱਸਦੀ ਹਾਂ। ਦਰਅਸਲ ਟੇਟ੍ਰਾਪੋਡ (ਚੁਪਾਏ) ਵਰਗੇ ਕੁਝ ਸਮੁੰਦਰੀ ਜੀਵ ਐਮਫੀਬਿਅਨਜ਼ ਸਨ।

**ਟੀਨਾ** (ਰੁਕ-ਰੁਕ ਕੇ ਬੋਲਦੇ ਹੋਏ): ਐਮਫੀ....ਐਮਫੀਬੀ..ਮਤਲਬ ?

**ਗੁਰਿੰਦਰ:** ਐਮਫੀਬਿਅਨਜ਼ ਮਤਲਬ ਜਲ-ਥਲੀ ।ਅਜਿਹੇ ਜੀਵ ਜਿਹੜੇ ਧਰਤੀ ਅਤੇ ਪਾਣੀ... ਦੋਨਾਂ ਥਾਵਾਂ ‘ਤੇ ਅਸਾਨੀ ਨਾਲ ਰਹਿ ਸਕਣ।

**ਹਰਜੀਤ:** ਹੌਲੀ-ਹੌਲੀ ਇਨ੍ਹਾਂ ਐਮਫੀਬਿਅਨਜ਼ ਨੇ ਆਪਣੇ ਘਰ ਮਤਲਬ ਸਮੁੰਦਰ ਨੂੰ ਛੱਡ ਕੇ ਜ਼ਿਆਦਾ ਸਮਾਂ ਧਰਤੀ 'ਤੇ ਬਤੀਤ ਕਰਨਾ ਸ਼ੁਰੂ ਕਰ ਦਿੱਤਾ।

**ਗੁਰਿੰਦਰ:** ਇਹ ਜੀਵ ਅਲੱਗ-ਅਲੱਗ ਅਕਾਰ ਪ੍ਰਕਾਰ ਦੇ ਸਨ। ਕੁਝ ਮਗਰਮੱਛ ਵਰਗੇ ਸਨ, ਕੁਝ ਛਿਪਕਲੀਆਂ ਦੀ ਤਰ੍ਹਾਂ ਤਾਂ ਕੁਝ ਸੱਪਾਂ ਵਰਗੇ ਵੀ ਦਿਖਾਈ ਦਿੰਦੇ ਸਨ।

**ਪ੍ਰਭਾਤ:** ਮਤਲਬ ਅਜਿਹੀਆਂ ਮੱਛੀਆਂ ਜਿਨ੍ਹਾਂ ਦੇ ਪੈਰ ਵੀ ਸਨ?

**ਟੀਨਾ:** ਇਹ ਤਾਂ ਬਹੁਤ ਹੀ ਰੌਚਕ ਏ!

**ਗੁਰਿੰਦਰ** : ਇਨ੍ਹਾ ਟੇਟ੍ਰਾਪੋਡਜ਼ ਨੇ ਛੇਤੀ ਹੀ ਆਪਣੇ ਆਪ ਨੂੰ ਪਾਣੀ ਦੇ ਬਾਹਰ ਰਹਿਣ ਦੇ ਲਈ ਢਾਲ ਲਿਆ ਤੇ ਇਹ ਧਰਤੀ 'ਤੇ ਆਪਣਾ ਠਿਕਾਣਾ ਵੀ ਬਣਾਉਣ ਲੱਗ ਗਏ ! ਬਦਲੇ ਜਲਵਾਯੂ, ਅਲੱਗ ਤਰਾਂ ਦੇ ਭੋਜਨ ਤੇ ਨਿਵਾਸ ਸਥਾਨਾਂ ਦੇ ਕਾਰਨ ਉਨ੍ਹਾਂ ਦੇ ਸਰੀਰ ਵਿਚ ਵੀ ਬਦਲਾਅ ਆਉਣ ਲੱਗਿਆ।

**ਹਰਜੀਤ:** ਕੁਝ ਜੀਵਾਂ ਵਿਚ ਉੱਡਣ ਦੇ ਲਈ ਖੰਭ ਵਿਕਸਿਤ ਹੋ ਗਏ ਤੇ ਕੁਝ ਜੀਵਾਂ ਨੇ ਬਚਾਅ ਲਈ ਆਪਣੇ ਆਲੇ-ਦੁਆਲੇ ਮਜ਼ਬੂਤ ਨਿਵਾਸ ਸਥਾਨ ਦਾ ਨਿਰਮਾਣ ਕਰ ਲਿਆ।ਇਸ ਦੇ ਨਾਲ ਹੀ ਡਾਇਨਾਸੋਰ ਵਰਗੇ ਜੀਵਾਂ ਦਾ ਸਰੀਰ ਬਹੁਤ ਵਿਸ਼ਾਲ ਹੋ ਗਿਆ ਤਾਂ ਕਿ ਉਹ ਨੇੜੇ-ਤੇੜੇ ਮੌਜੂਦ ਵਿਸ਼ਾਲ ਅਕਾਰ ਦੇ ਰੁੱਖਾਂ ਨੂੰ ਆਪਣਾ ਭੋਜਨ ਬਣਾ ਸਕਣ।

**ਪ੍ਰਭਾਤ** (ਹਲਕੀ ਹੱਸੀ ਦੇ ਨਾਲ): ਅੱਛਾ ! ਤਾਂ ਇਹ ਡਾਇਨਾਸੋਰ ਬਹੁਤ ਜ਼ਿਆਦਾ ਖਾ-ਖਾ ਕੇ ਐਨੇ ਵੱਡੇ ਤੇ ਮੋਟੇ ਹੋ ਗਏ ਸਨ !

**ਗੁਰਿੰਦਰ:** ਡਾਇਨਾਸੋਰਾਂ ਦਾ ਐਡਾ ਵੱਡਾ ਅਕਾਰ ਉਸ ਸਮੇਂ ਧਰਤੀ ਦੇ ਤਾਪਮਾਨ ਤੇ ਡਾਇਨਾਸੋਰ ਦੇ ਸਰੀਰ ਦੇ ਤਾਪਮਾਨ ਦੇ ਸੰਤੁਲਣ ਦੇ ਲਈ ਜ਼ਰੂਰੀ ਸੀ।

**ਹਰਜੀਤ:** ਵਿਕਾਸ ਦੀ ਇਹ ਪ੍ਰਕਿਰਿਆ ਹੁਣ ਵੀ ਜਾਰੀ ਹੈ ਤੇ ਅੱਜ ਤੋਂ ਅਰਬਾਂ ਸਾਲਾਂ ਬਾਅਦ ਇਸ ਧਰਤੀ 'ਤੇ ਰਹਿਣ ਵਾਲੇ ਜੀਵਾਂ ਦਾ ਸਰੂਪ ਵੈਸਾ ਨਹੀਂ ਹੋਵੇਗਾ ਜਿਹੋ-ਜਿਹਾ ਅੱਜ ਦਿਖਾਈ ਦਿੰਦਾ ਹੈ।

**ਪ੍ਰਭਾਤ:** ਕਾਸ਼! ਮੈਂ ਭੂਤਕਾਲ ਵਿਚ ਜਾ ਕੇ ਇਹ ਦੇਖ ਸਕਦਾ ਕਿ ਉਦੋਂ ਦੀ ਦੁਨੀਆ ਕਿਹੋ-ਜਿਹੀ ਦਿਖਾਈ ਦਿੰਦੀ ਸੀ !

**ਗੁਰਿੰਦਰ:** ਭੂਤਕਾਲ ਦੀ ਦੁਨੀਆ ਨੂੰ ਤਾਂ ਤੁਸੀਂ ਇੱਥੇ ਵੀ ਦੇਖ ਸਕਦੇ ਹੋ। ਇੱਥੇ ਬਹੁਤ ਸਾਰੇ ਕੇਕੜੇ ਦਿਸਦੇ ਹਨ ! ਇਹ ਕੇਕੜੇ ਮੌਜੂਦਾ ਸਮੇਂ ਵਿਚ ਹੋ ਰਹੀ ਵਿਕਾਸ ਪ੍ਰਕਿਰਿਆ ਦੀ ਇਕ ਵਧੀਆ ਉਦਾਹਰਨ ਹਨ।

**ਪ੍ਰਭਾਤ:** ਮਤਲਬ?

**ਹਰਜੀਤ:** ਦੇਖੋ, ਇਹ ਕੇਕੜੇ ਉਂਜ ਤਾਂ ਸਮੁੰਦਰੀ ਜੀਵ ਹਨ ਪਰ ਇਨ੍ਹਾਂ ਨੇ ਆਪਣੇ ਸਰੀਰ ਨੂੰ ਇਸ ਪ੍ਰਕਾਰ ਢਾਲ ਲਿਆ ਹੈ ਕਿ ਹੁਣ ਇਹ ਆਪਣਾ ਜ਼ਿਆਦਾ ਤੋਂ ਜ਼ਿਆਦਾ ਸਮਾਂ ਧਰਤੀ 'ਤੇ ਗੁਜ਼ਾਰਦੇ ਹਨ।

**ਗੁਰਿੰਦਰ:** ਜ਼ਰਾ ਧਿਆਨ ਨਾਲ ਦੇਖੋ..। ਇਹ ਕੇਕੜੇ ਆਪਣੇ ਗਲਫੜਿਆਂ ਨੂੰ ਗਿੱਲਾ ਕਰਨ ਤੇ ਸਰੀਰ ਵਿਚ ਲੂਣ ਦੀ ਮਾਤਰਾ ਬਣਾਈ ਰੱਖਣ ਲਈ ਵਿੱਚ-ਵਿੱਚ ਸਮੁੰਦਰ ਵਿਚ ਡੁਬਕੀ ਲਗਾਉਂਦੇ ਰਹਿੰਦੇ ਹਨ।

**ਪ੍ਰਭਾਤ:** ਹਾਂ, ਮੈਂ ਦੇਖਿਆ ਏ। ਕਦੇ-ਕਦੇ ਇਹ ਕੇਕੜੇ ਦਿਨ ਵਿਚ ਇਕ ਵਾਰ ਜਾਂ ਫਿਰ ਦੋ-ਤਿੰਨ ਦਿਨਾਂ ਵਿਚ ਇਕ ਵਾਰੀ ਸਮੁੰਦਰ ਵਿੱਚ ਜ਼ਰੂਰ ਜਾਂਦੇ ਨੇ।

**ਹਰਜੀਤ:** ਹਾਂ, ਕੇਕੜੇ ਹੌਲੀ-ਹੌਲੀ ਸਮੁੰਦਰ ਉੱਤੇ ਆਪਣੀ ਨਿਰਭਰਤਾ ਘੱਟਾਉਂਦੇ ਜਾ ਰਹੇ ਹਨ। ਕੀ ਪਤਾ ਭਵਿੱਖ ਵਿਚ ਇਹ ਕੇਕੜੇ ਪੂਰੀ ਤਰ੍ਹਾਂ ਧਰਤੀ ‘ਤੇ ਚੱਲਣ ਵਾਲੇ ਜੀਵ ਬਣ ਜਾਣ ਤੇ ਇਨ੍ਹਾਂ ਨੂੰ ਕਦੇ ਵੀ ਸਮੁੰਦਰ ਵਿਚ ਜਾਣ ਦੀ ਜ਼ਰੂਰਤ ਨਾ ਪਏ।(ਹਲਕੀ ਹਾਸੀ ਨਾਲ) ਪਰ ਫਿਰ ਵੀ ਉਹ ਛੁੱਟੀ ਮਨਾਉਣ ਲਈ ਤਾਂ ਸਮੁੰਦਰ ਵਿਚ ਜਾ ਹੀ ਸਕਦੇ ਨੇ ।

(ਟੀਨਾ ਤੇ ਪ੍ਰਭਾਤ ਦਾ ਹੱਸਣਾ)

**ਪ੍ਰਭਾਤ:** ਜੇਕਰ ਇਸੇ ਤਰ੍ਹਾਂ ਸਮੁੰਦਰ ਦੇ ਹੋਰ ਜੀਵ ਵੀ ਆਪਣੇ ਆਪ ਨੂੰ ਧਰਤੀ ‘ਤੇ ਰਹਿਣ ਦੇ ਲਈ ਢਾਲਦੇ ਗਏ ਤਾਂ ਫਿਰ ਐਥੇ ਤਾਂ ਥਾਂ ਹੀ ਨਹੀਂ ਬਚਣੀ। ਸ਼ਾਇਦ ਸਮੁੰਦਰ ਦੇ ਕਿਸੇ ਹਿੱਸੇ ਨੂੰ ਹੀ ਸੁਕਾਉਣਾ ਪਵੇ !

**ਗੁਰਿੰਦਰ:** ਵਾਹ! ਕਿਆ ਮਜ਼ੇਦਾਰ ਵਿਚਾਰ ਹੈ। ਬੇਸ਼ੱਕ ਧਰਤੀ ਦੀ ਸਤ੍ਹਾ ਦਾ 80% ਭਾਗ ਮਹਾਂਸਾਗਰਾਂ ਨਾਲ ਢਕਿਆ ਹੋਇਆ ਏ ਪਰ ਇਨ੍ਹਾਂ ਮਹਾਂਸਾਗਰਾਂ ਦੀ ਬਦੌਲਤ ਹੀ ਤਾਂ ਇਸਦਾ 20% ਹਿੱਸਾ ਸਾਡੇ ਰਹਿਣ ਦੇ ਕਾਬਲ ਬਣਿਆ ਹੋਇਆ ਹੈ।

**ਸਮੀਰ:** ਮੈਨੂੰ ਤਾਂ ਲੱਗਦਾ ਹੈ ਕਿ ਸਮੁੰਦਰ ਕੇਵਲ ਸਾਡੇ ਵਰਗੇ ਮਛੇਰਿਆਂ ਦੇ ਲਈ ਹੀ ਮਹੱਤਵ ਰੱਖਦੇ ਹਨ। ਬਾਕੀ ਦੂਸਰੇ ਲੋਕਾਂ ਨੂੰ ਸਮੁੰਦਰ ਜਾਂ ਸਮੁੰਦਰੀ ਕਿਨਾਰਿਆਂ ਨਾਲ ਭਲਾ ਕੀ ਲੈਣ-ਦੇਣ ?

**ਹਰਜੀਤ:** ਸਮੁੰਦਰ ਦਾ ਮਹੱਤਵ ਤਾਂ ਸਭ ਪ੍ਰਾਣੀਆਂ ਲਈ ਹੈ ! ਪੀਣ ਵਾਲੇ ਪਾਣੀ ਦੀ ਹਰ ਬੂੰਦ ਤੇ ਸਾਡੇ ਹਰ ਸਾਹ ਦਾ ਸਬੰਧ ਇਨ੍ਹਾਂ ਸਮੁੰਦਰਾਂ ਨਾਲ ਹੀ ਹੈ !

**ਗੁਰਿੰਦਰ:**ਸੂਰਜ ਦੀ ਅੱਧੀ ਗਰਮੀ ਨੂੰ ਇਹ ਮਹਾਂਸਾਗਰ ਆਪਣੇ ਵਿਚ ਸੋਖ ਕੇ ਧਰਤੀ ਨੂੰ ਜਿਆਦਾ ਗਰਮ ਹੋਣ ਤੋਂ ਬਚਾਉਂਦੇ ਨੇ !

**ਸਮੀਰ:** ਕੋਰਲ ਰੀਫ਼,ਸਮੁੰਦਰੀ ਬਨਸਪਤੀ ਤੇ ਸਮੁੰਦਰੀ ਚਟਾਨੀ ਤੱਟਾਂ ਦੇ ਬਾਰੇ ਤੁਹਾਡਾ ਕੀ ਖਿਆਲ ਹੈ?ਮੈਨੂੰ ਤਾਂ ਇਹੀ ਲੱਗਦਾ ਰਿਹਾ ਕਿ ਇਨ੍ਹਾਂ ਦਾ ਅਸੀਂ ਜਿੰਨਾ ਜ਼ਿਆਦਾ ਨੁਕਸਾਨ ਕੀਤਾ ਓਨਾ ਹੀ ਜ਼ਿਆਦਾ ਸਾਨੂੰ ਤੂਫ਼ਾਨਾਂ ਤੇ ਖਰਾਬ ਮੌਸਮਾਂ ਦੀ ਮਾਰ ਝੱਲਣੀ ਪਈ।

**ਹਰਜੀਤ:** ਬਿਲਕੁਲ ਸਹੀ ! ਖਰਾਬ ਮੌਸਮ ਵਿਚ ਇਹ ਤਟ ਹੀ ਸਾਡੀ ਰੱਖਿਆ ਕਰਦੇ ਹਨ।ਹੁਣੇ ਹੀ ਦਿੱਲੀ ਯੂਨੀਵਰਸਿਟੀ ਦਾ ਮੇਰਾ ਇੱਕ ਸਹਿਖੋਜੀ ਸੰਨ 1999 ਵਿਚ ਆਏ ਮਹਾਂ-ਚੱਕਰਵਾਤ ਸਬੰਧੀ ਆਪਣੀ ਖੋਜ ਬਾਬਤ ਗੱਲ ਕਰ ਰਿਹਾ ਸੀ।ਕੀ ਤੁਹਾਨੂੰ ਉਸ ਸਮੇਂ ਦੀਆਂ ਕੁਝ ਗੱਲਾਂ ਯਾਦ ਹਨ?

**ਸਮੀਰ** (ਸੋਚਣ ਦੇ ਅੰਦਾਜ਼ ਵਿਚ): 1999..? ਹਾਂ! ਮੈਨੂੰ ਚੰਗੀ ਤਰ੍ਹਾਂ ਯਾਦ ਏ। ਉਸੇ ਸਾਲ ਸਾਡਾ ਵਿਆਹ ਹੋਇਆ ਸੀ। ਚੱਕਰਵਾਤ ਦੌਰਾਨ ਸੁੰਦਰਵਣ ਦੇ ਇਲਾਕੇ ਵਿਚ ਬਹੁਤ ਤੇਜ਼ ਹਵਾਵਾਂ ਚੱਲੀਆਂ ਸਨ। ਮੀਂਹ ਵੀ ਪਿਆ ਸੀ। ਸਾਡੇ ਪਿੰਡ ਵਾਲਿਆਂ ਨੂੰ ਸਕੂਲ ਦੀ ਇਮਾਰਤ ਵਿੱਚ ਆਸਰਾ ਲੈਣਾ ਪਿਆ ਸੀ। ਅਸੀਂ ਬਹੁਤ ਡਰੇ ਹੋਏ ਸਾਂ !

**ਗੁਰਿੰਦਰ**: ਹਾਂ..ਹਾਂ..। ਅਸੀਂ ਉਸੇ ਚੱਕਰਵਾਤ ਦੀ ਗੱਲ ਕਰ ਰਹੇ ਹਾਂ। ਉੜੀਸਾ ਵਿਚ ਤਾਂ ਉਸ ਨੇ ਬਹੁਤ ਤਬਾਹੀ ਮਚਾਈ ਸੀ।ਤੱਟੀ ਖੇਤਰ ਵਿਚ ਵਸੇ ਪਿੰਡਾਂ ਵਿਚ ਤਾਂ ਬਹੁਤ ਜਾਨਾਂ ਵੀ ਗਈਆਂ ਸਨ। ਸਾਡੇ ਸਹਿ ਖੋਜੀ ਦੀ ਖੋਜ ਦਾ ਸਿੱਟਾ ਸੀ ਕਿ ਜਿਨ੍ਹਾਂ ਤੱਟੀ ਇਲਾਕਿਆਂ ਵਿਚ ਸਮੁੰਦਰੀ ਬਨਸਪਤੀ ਦੀ ਬਹੁਤਾਤ ਸੀ ਉਥੇ ਨੁਕਸਾਨ ਘੱਟ ਹੋਇਆ ਸੀ।

**ਸਮੀਰ**: ਵਾਹ ! ਤੁਹਾਡੇ ਸਹਿ ਖੋਜੀ ਦੀ ਖੋਜ ਨੇ ਤਾਂ ਤੱਟੀ ਇਲਾਕਿਆਂ ਦੇ ਲੋਕਾਂ ਦੀਆਂ ਉਨ੍ਹਾਂ ਜਾਣਕਾਰੀਆਂ ਨੂੰ ਪੁਖਤਾ ਕਰ ਦਿੱਤਾ ਹੈ ਜਿਹੜੀਆਂ ਸਦੀਆਂ ਤੋਂ ਸਾਡੇ ਦਿਮਾਗ ਵਿਚ ਵਸੀਆਂ ਹੋਈਆਂ ਹਨ। ਸਮੁੰਦਰ ਅਤੇ ਉਸ ਦੇ ਤਟ ਹਰ ਤਰ੍ਹਾਂ ਨਾਲ ਸਾਡੀ ਰੱਖਿਆ ਹੀ ਕਰਦੇ ਸਨ। ਸਾਡੀ ਹੋਂਦ ਵੀ ਤਾਂ ਉਨ੍ਹਾਂ ਕਰਕੇ ਹੀ ਹੈ !

**ਹਰਜੀਤ**: ਸਮੀਰ ਜੀ, ਤੁਹਾਡੀਆਂ ਗੱਲਾਂ ਨੇ ਤਾਂ ਮੈਨੂੰ ਆਪਣੀ ਮੰਮੀ ਦੇ ਇੱਕ ਚਮਤਕਾਰੀ ਸੰਦੇਸ਼ ਦੀ ਯਾਦ ਦਿਵਾ ਦਿੱਤੀ !

**ਸਮੀਰ**: ਕੀ ਸੰਦੇਸ਼ ਸੀ ਉਨ੍ਹਾਂ ਦਾ?

**ਹਰਜੀਤ**: ਸੰਦੇਸ਼ ਸੀ ਕਿ ਮਹਾਂਸਾਗਰ ਦਿਲ ਵਿਚ ਹਲਚਲ ਮਚਾ ਦਿੰਦਾ ਹੈ, ਸਾਡੀਆਂ ਕਲਪਨਾਵਾਂ ਨੂੰ ਨਵੀਂ ਉਡਾਨ ਦਿੰਦਾ ਹੈ ਤੇ ਸਾਡੀ ਆਤਮਾ ਨੂੰ ਖੁਸ਼ੀ ਪ੍ਰਦਾਨ ਕਰਦਾ ਹੈ।

**ਗੁਰਿੰਦਰ**: ਬਿਲਕੁਲ ਸਹੀ ! ਸਾਗਰ ਤਾਂ ਹਮੇਸ਼ਾ ਪ੍ਰੇਰਣਾ ਹੀ ਦਿੰਦਾ ਹੈ।ਇਹ ਤਾਂ ਕਈ ਸੱਭਿਅਤਾਵਾਂ ਤੇ ਰਾਸ਼ਟਰਾਂ ਦੇ ਇਤਿਹਾਸ ਦਾ ਇਕ ਅਹਿਮ ਹਿੱਸਾ ਹੈ।

**ਹਰਜੀਤ**: ਹਾਂ ! ਭਾਰਤ ਇਸਦਾ ਇਕ ਚੰਗਾ ਉਦਾਹਰਨ ਹੈ। ਯਾਤਰਾ, ਵਪਾਰ ਤੇ ਅੰਤਰਰਾਸ਼ਟਰੀ ਮਾਮਲਿਆਂ ਦੇ ਸੰਦਰਭ ਵਿਚ ਬੰਗਾਲ ਦੀ ਖਾੜੀ, ਹਿੰਦ ਮਹਾਂਸਾਗਰ ਅਤੇ ਅਰਬ ਸਾਗਰ ਦੇ ਮਹੱਤਵ ਤੋਂ ਹਰ ਕੋਈ ਜਾਣੂ ਹੈ।

**ਸਮੀਰ**: ਇਨ੍ਹਾਂ ਮਹਾਂਸਾਗਰਾਂ ਨੇ ਭਾਰਤੀ ਉਪ ਮਹਾਦੀਪ ਨੂੰ ਹਮੇਸ਼ਾ ਸੁਰੱਖਿਆ ਦਿੱਤੀ ਹੈ।

**ਗੁਰਿੰਦਰ**: ਭਾਰਤ ਦੇ ਲਈ ਤਾਂ ਸਮੁੰਦਰ ਬਹੁਤ ਹੀ ਮਹੱਤਵਪੂਰਨ ਹਨ, ਸਮੁੰਦਰੀ ਤੱਟ ਕਰੀਬ 36 ਕਰੋੜ ਲੋਕਾਂ ਦਾ ਰੈਣ ਬਸੇਰਾ ਹੈ, ਲੱਖਾਂ ਲੋਕ ਸਮੁੰਦਰ ਦੇ ਕਿਨਾਰੇ ਚੱਲ ਰਹੇ ਉਦਯੋਗ ਧੰਦਿਆਂ ਤੋਂ ਆਪਣੀ ਰੋਜੀ ਰੋਟੀ ਕਮਾ ਰਹੇ ਹਨ, ਸੰਸਾਰ ਦੇ ਮੱਛੀਆਂ ਦੇ ਧੰਦੇ ਵਿੱਚ ਇਸਦਾ ਸੱਤਵਾਂ ਸਥਾਨ ਹੈ !

**ਸਮੀਰ**: ਕੀ ਤੁਹਾਡਾ ਮਤਲਬ ਬੰਦਰਗਾਹ, ਜਹਾਜਰਾਨੀ ਤੇ ਸਮੁੰਦਰੀ ਭੋਜਨ ਪਦਾਰਥਾਂ ਨਾਲ ਜੁੜੇ ਕੰਮ ਧੰਦਿਆਂ ਤੋਂ ਹੈ ?

**ਗੁਰਿੰਦਰ**: ਹਾਂ, ਇਸਦੇ ਨਾਲ ਹੀ ਸੈਰ-ਸਪਾਟਾ, ਊਰਜਾ ਤੇ ਇੰਜੀਨਿਅਰਿੰਗ ਵਰਗੇ ਹੋਰ ਕਈ ਖੇਤਰ ਵੀ ਹਨ। ਹਾਲਾਂਕਿ

ਪੈਟਰੋਲੀਅਮ ਪਦਾਰਥਾਂ ਤੋਂ ਪੈਦਾ ਹੁੰਦਾ ਪ੍ਰਦੂਸ਼ਣ ਇੱਕ ਵੱਡੀ ਸਮੱਸਿਆ ਹੋਣ ਦੇ ਬਾਵਜੂਦ ਸੱਚ ਤਾਂ ਇਹੀ ਹੈ ਕਿ ਆਵਾਜਾਈ ਅਤੇ ਸੰਚਾਰ ਵਾਹਨਾਂ ਦੇ ਵਾਸਤੇ ਤੇਲ ਵੀ ਤਾਂ ਸਾਨੂੰ ਸਮੁੰਦਰਾਂ ਦੀ ਡੂੰਘਾਈ ਵਿੱਚ ਦੱਬੇ ਪਥਰਾਹਟਾਂ ਤੋਂ ਹੀ ਮਿਲਦਾ ਹੈ।

**ਹਰਜੀਤ:**ਕਈ ਕ੍ਰੀਮਾਂ ਤੇ ਬਹੁਤ ਸਾਰੇ ਕੈਮੀਕਲ ਉਤਪਾਦ ਵੀ ਮੂੰਗਾ ਚਟਾਨਾਂ ( ਕੋਰਲ ਰੀਫ ) ਅਤੇ ਹੋਰ ਸਮੁੰਦਰੀ ਜੀਵ-ਜੰਤੂਆਂ ਤੋਂ ਹਾਸਲ ਕੀਤੇ ਜਾਂਦੇ ਹਨ।ਟੀਬੀ. (TB) ਤੇ ਐਚ.ਆਈ.ਵੀ. (H.I.V) ਦੀਆਂ ਕਈ ਦਵਾਈਆਂ ਦੇ ਉਤਪਾਦਨ ਵਿਚ ਵੀ ਸਮੁੰਦਰਾਂ ਦੀ ਵੱਡੀ ਭੂਮਿਕਾ ਹੈ।

**ਸਮੀਰ:** ਸਮੁੰਦਰਾਂ ਤੋਂ ਮਿਲਦਾ ਲੂਣ ਵੀ ਤਾਂ ਜੀਵਣਦਾਨ ਹੀ ਹੈ !

**ਗੁਰਿੰਦਰ:** ਹਾਂ ! ਟੱਟੀਆਂ ਉਲਟੀਆਂ ਵਿੱਚ ਲੂਣ ਤੇ ਪਾਣੀ ਘਟਣ ਨਾਲ ਹੀ ਤਾਂ ਮੌਤ ਵੀ ਹੋ ਜਾਂਦੀ ਹੈ !

**ਪ੍ਰਭਾਤ:** ਪਰ ਪੀਣ ਦਾ ਪਾਣੀ ਵੀ ਤਾਂ ਸਾਨੂੰ ਸਮੁੰਦਰ ਦੀ ਬਦੌਲਤ ਹੀ ਮਿਲਦਾ ਹੈ ?

**ਟੀਨਾ:** ਪਰ ਪੀਣ ਦਾ ਪਾਣੀ ਕੀ ਕੋਈ ਅਸੀਂ ਸਮੁੰਦਰ ਤੋਂ ਲੈ ਕੇ ਆਉਂਦੇ ਹਾਂ ?

**ਗੁਰਿੰਦਰ:** ਨਹੀਂ ! ਪਰ ਦੁਨੀਆ ਦੇ ਤਾਜ਼ੇ ਪਾਣੀ ਦਾ ਸ੍ਰੋਤ ਮੀਂਹ ਵੀ ਤਾਂ ਸਮੁੰਦਰਾਂ ਦੀ ਹੀ ਦਾਤ ਹੈ !

**ਟੀਨਾ:** ਅੱਛਾ ! ਉਹ ਕਿਵੇਂ ਦੀਦੀ?

**ਗੁਰਿੰਦਰ:** ਜਲ-ਚੱਕਰ ਦਾ ਸਭ ਤੋਂ ਮਹੱਤਵਪੂਰਨ ਹਿੱਸਾ ਤਾਂ ਇਹ ਮਹਾਂਸਾਗਰ ਹੀ ਨੇ !

**ਪ੍ਰਭਾਤ** (ਉਤਸ਼ਾਹ ਨਾਲ): ਹਾਂ..ਹਾਂ... ਮੈਨੂੰ ਪਤਾ ਹੈ। (ਕਿਤਾਬ ਦੇ ਲੇਖ ਨੂੰ ਪੜ੍ਹਣ ਦੇ ਅੰਦਾਜ਼ ਵਿਚ ਤੇਜ਼-ਤੇਜ਼ ਸੁਣਾਉਂਦਾ ਹੈ) ਜਦੋਂ ਸੂਰਜ ਦੀਆਂ ਕਿਰਨਾਂ ਮਹਾਂਸਾਗਰਾਂ ਨੂੰ ਗਰਮ ਕਰ ਦਿੰਦੀਆਂ ਹਨ ਤਾਂ ਇਸ ਵਿਚੋਂ ਉੱਠੀ ਭਾਫ਼ ਅਸਮਾਨ ਵਿਚ ਪਹੁੰਚ ਕੇ ਬੱਦਲ ਬਣਦੀ ਹੈ । ਇਹੀ ਬੱਦਲ ਠੰਢੇ ਹੋਣ 'ਤੇ ਮੀਂਹ ਦੇ ਰੂਪ ਵਿਚ ਧਰਤੀ 'ਤੇ ਬਰਸਦੇ ਨੇ ! ਮੀਂਹ ਦਾ ਪਾਣੀ ਨਦੀਆਂ ਨਾਲਿਆਂ ਰਾਹੀਂ ਵਾਪਸ ਸਮੁੰਦਰ ਵਿਚ ਪਹੁੰਚਦਾ ਹੈ। ਇਹ ਚੱਕਰ ਲਗਾਤਾਰ ਚੱਲਦਾ ਰਹਿੰਦਾ ਹੈ।

**ਹਰਜੀਤ:** ਵਾਹ! ਪ੍ਰਭਾਤ। ਹੁਣ ਸਮਝ ਆਇਆ ਕਿ ਤੂੰ ਆਪਣੀ ਕਲਾਸ ਵਿਚ ਫਸਟ ਕਿਵੇਂ ਆਉਂਦਾ ਹੈਂ ।ਤੂੰ ਤਾਂ ਇਕ ਹੀ ਸਾਹ ਵਿਚ ਪੂਰੀ ਕਹਾਣੀ ਸੁਣਾ ਦਿੱਤੀ।(ਹਲਕੀ ਹਾਸੀ) ਪਰ ਕੁਝ ਹੋਰ ਵੀ ਮਹਾਂਸ਼ਕਤੀਆਂ ਹਨ ਜੋ ਸਾਗਰ, ਮੀਂਹ ਤੇ ਪਾਣੀ ਦੇ ਇਸ ਚੱਕਰ ਨੂੰ ਪ੍ਰਭਾਵਿਤ ਕਰਦੀਆਂ ਹਨ?

**ਪ੍ਰਭਾਤ** (ਹੈਰਾਨੀ ਨਾਲ): ਮਹਾਂਸ਼ਕਤੀਆਂ?

**ਹਰਜੀਤ:**(ਨਾਟਕੀ ਅੰਦਾਜ਼ ਵਿਚ) ਹਾਂ...ਮਹਾਂਸ਼ਕਤੀਆਂ ! ਕਹਿੰਦੇ ਨੇ ਜਿਨ੍ਹਾਂ ਨੂੰ ਅਲ-ਨੀਨੋ ਅਤੇ ਲਾ-ਨੀਨੋ !

**ਪ੍ਰਭਾਤ:** ਪਰ ਇਹ ਮਹਾਂਸ਼ਕਤੀਆਂ ਕਿਵੇਂ ਕਰਦੀਆਂ ਨੇ ਪ੍ਰਭਾਵਤ ਇਸ ਸਦੀਵੀ ਜਲ ਚੱਕਰ ਨੂੰ ?

**ਗੁਰਿੰਦਰ:**ਕਦੀ-ਕਦੀ ਦਸੰਬਰ ਵਿੱਚ ਪ੍ਰਸਾਂਤ ਮਹਾਂਸਾਗਰ ਸੂਰਜ ਦੀ ਗਰਮੀ ਨਾਲ ਜ਼ਿਆਦਾ ਗਰਮ ਹੋ ਜਾਂਦਾ ਹੈ ਜਿਸ ਨਾਲ ਉਥੇ ਅਲ-ਨੀਨੋ ਪ੍ਰਭਾਵ ਪੈਦਾ ਹੁੰਦਾ ਹੈ ਤੇ ਗਰਮ ਪਾਣੀ ਭੂ-ਮੱਧ ਰੇਖਾ ਵੱਲ ਨੂੰ ਵਹਿੰਦਾ ਹੈ, ਜੋ ਦੁਨੀਆ ਭਰ ਦੇ ਮੌਸਮ ਤੇ ਮੀਂਹ ਦੀ

ਸਥਿਤੀ ਨੂੰ ਪ੍ਰਭਾਵਿਤ ਕਰਦਾ ਹੈ।

**ਪ੍ਰਭਾਤ:** ਉਹ ਕਿਵੇਂ ?

**ਗੁਰਿੰਦਰ:** ਕੀ ਤੈਨੂੰ ਪਤਾ ਹੈ ਕਿ ਸਾਲ 2009 ਵਿੱਚ ਸਾਡੇ ਇੱਥੇ ਮੀਂਹ ਕੁਝ ਘੱਟ ਪਿਆ ਸੀ, ਮਾਨਸੂਨ ਦੇਰੀ ਨਾਲ ਆਈ ਸੀ ?

**ਪ੍ਰਭਾਤ:** ਹਾਂ, ਸ਼ਾਇਦ !

**ਹਰਜੀਤ:** ਤੇ ਇਸਦਾ ਕਾਰਨ ਸੀ ਪ੍ਰਸ਼ਾਂਤ ਮਹਾਂਸਾਗਰ ਦੇ ਜਲ ਚੱਕਰ ਨਾਲ ਪੈਦਾ ਹੋਇਆ ਅਲਨੀਨੋ ! ਬਹੁਤੇ ਅਲਨੀਨੋ ਭਾਰਤੀ ਮਾਨਸੂਨ ਨੂੰ ਕਮਜੋਰ ਕਰਨ ਵਾਲੇ ਹੁੰਦੇ ਨੇ !

**ਪ੍ਰਭਾਤ:** ਮਤਲਬ?

**ਗੁਰਿੰਦਰ:** ਜਦੋਂ ਪ੍ਰਸਾਂਤ ਮਹਾਂਸਾਗਰ ਦੀ ਹਵਾ ਆਮ ਨਾਲੋਂ ਜ਼ਿਆਦਾ ਗਰਮ ਹੋ ਜਾਂਦੀ ਹੈ ਤਾਂ ਉਹ ਆਲੇ-ਦੁਆਲੇ ਦੀ ਹਵਾ ਦੇ ਤਾਪਮਾਨ 'ਤੇ ਵੀ ਅਸਰ ਪਾਉਂਦੀ ਹੈ। ਇਸ ਬਦਲਾਅ ਹਵਾਵਾਂ ਦੇ ਆਮ ਵਹਾਅ 'ਤੇ ਅਸਰ ਪਾ ਕੇ ਦੁਨੀਆ ਭਰ ਦੇ ਮੌਸਮ ਨੂੰ ਪ੍ਰਭਾਵਿਤ ਕਰ ਦਿੰਦਾ ਹੈ।

**ਪ੍ਰਭਾਤ** (ਗੰਭੀਰ ਆਵਾਜ਼ ਵਿਚ): ਹਾਏ..! ਹੁਣ ਸਮਝ ਵਿਚ ਆਇਆ ਮੌਨਸੂੰਨ ਦੀ ਲੇਟ ਲਤੀਫ਼ੀ ਦਾ ਰਾਜ਼..(ਹੱਸਦੇ ਹੋਏ) ਲੱਗਦਾ ਏ ਅਲ ਨੀਨੋ ਵੀ ਮੌਨਸੂਨ ਨੇ ਮੇਰੇ ਵਰਗਾ ਘੋਲੀ ਬਣਾ ਦਿੰਦੀ ਹੈ !

(ਸਾਰੇ ਲੋਕ ਹੱਸਦੇ ਹਨ)

**ਹਰਜੀਤ:** ਸਾਡੀ ਧਰਤੀ 'ਤੇ ਮੌਜੂਦ ਝੀਲਾਂ, ਨਦੀਆਂ ਜਾਂ ਫਿਰ ਛੋਟੀਆਂ ਜਲ ਧਾਰਾਵਾਂ ਦੇ ਪਾਣੀ ਦੀ ਇਕ-ਇਕ ਬੂੰਦ ਕਦੇ ਸਮੁੰਦਰ ਦਾ ਹਿੱਸਾ ਸੀ !

**ਸਮੀਰ:** ਸਾਰੀਆਂ ਨਦੀਆਂ ਦਾ ਸ੍ਰੋਤ ਸਮੁੰਦਰ ਹੀ ਹੈ। ਪਾਣੀ ਨੂੰ ਵੀ ਆਪਣੇ ਘਰ ਦਾ ਪਤਾ ਹੁੰਦਾ ਹੈ !

**ਗੁਰਿੰਦਰ:** ਵਾਹ! ਸਮੀਰ ਜੀ..! ਕਿੰਨੀ ਸਹੀ ਟਿਪਣੀ, ਪਰ ਪਾਣੀ ਦੀਆਂ ਬੂੰਦਾਂ ਆਪਣੇ ਘਰ ਨੂੰ ਖਾਲੀ ਹੱਥ ਨਹੀਂ ਜਾਂਦੀਆਂ ! ਆਪਣੇ ਨਾਲ ਕਈ ਸੁਗਾਤਾਂ ਵੀ ਲੈ ਕੇ ਜਾਂਦੀਆਂ ਹਨ।

**ਟੀਨਾ:** ਸੁਗਾਤਾਂ ? ਕਿਹੜੀਆਂ ਸੁਗਾਤਾਂ ?

**ਹਰਜੀਤ:** ਟੀਨਾ ! ਆਲੇ ਦੁਆਲੇ ਨਜਰ ਮਾਰ ! ਹਰ ਪਾਸੇ ਉਹ ਤੋਹਫ਼ੇ ਨਜ਼ਰ ਆਉਣਗੇ। ਤੁਹਾਨੂੰ ਮਾਣ ਹੋਣਾ ਚਾਹੀਦਾ ਹੈ ਕਿ ਤੁਸੀਂ ਭਾਰਤ ਦੇ ਇਕ ਬਹੁਤ ਖ਼ਾਸ ਹਿੱਸੇ ਵਿਚ ਰਹਿੰਦੇ ਹੋ।

**ਗੁਰਿੰਦਰ:** ਹਾਂ ਟੀਨਾ ! ਤੁਹਾਡਾ ਘਰ, ਮਤਲਬ ਸੁੰਦਰਵਣ ਡੈਲਟਾ ਵਿਸ਼ੇਸ਼ ਹੈ ! ਇਹ ਭਾਰਤ ਤੇ ਬੰਗਲਾਦੇਸ਼ ਦੋ ਦੇਸਾਂ ਵਿਚ ਫੈਲਿਆ ਹੈ ਤੇ ਇਹ ਚਾਰ ਮਹੱਤਵਪੂਰਨ ਨਦੀਆਂ ਦਾ ਮੁਹਾਨਾ ਵੀ ਹੈ।

**ਪ੍ਰਭਾਤ**: ਹਾਂ ਦੀਦੀ..! ਭਾਰਤੀ ਪਾਸੇ ਨੇ ਗੰਗਾ ਤੇ ਬ੍ਰਹਮਪੁੱਤਰ ਜਦੋਂ ਕਿ ਬੰਗਲਾਦੇਸ਼ ਵੱਲ ਨੇ ਪਦਮਾ ਤੇ ਮੇਘਨਾ !

**ਗੁਰਿੰਦਰ**: ਠੀਕ ! ਇਹ ਚਾਰੇ ਨਦੀਆਂ ਹਿਮਾਲਿਆ ਵਿਚੋਂ ਨਿਕਲਦੀਆਂ ਹਨ। ਪਹਾੜਾਂ, ਘਾਟੀਆਂ ਤੇ ਜੰਗਲਾਂ ਵਿਚੋਂ ਹੁੰਦੇ ਹੋਏ ਆਪਣੇ ਨਾਲ ਇਹ ਲਿਆਉਂਦੀਆਂ ਨੇ ਬਹੁਤ ਸਾਰੀ ਮਿੱਟੀ, ਪੱਥਰ ਤੇ ਖਣਿਜ ਇਸ ਸੁੰਦਰਵਣ ਡੈਲਟੇ ਤੱਕ ! ਇਹੀ ਪਦਾਰਥ ਨੇ ਇਥੋਂ ਦੀਆਂ ਬਨਸਪਤੀਆਂ ਦੇ ਪੋਸ਼ਣ ਦੇ ਲਈ ਕੀਮਤੀ ਸੁਗਾਤਾਂ !

**ਟੀਨਾ** (ਅਣਮੰਨੇ ਮਨ ਨਾਲ): ਕਿੰਨੀਆਂ ਅਜੀਬ ਨੇ... ਇਹ ਸੁਗਾਤਾਂ !

**ਹਰਜੀਤ** (ਹੱਸਦੇ ਹੋਏ): ਹਾਂ ! ਪਰ, ਸੁੰਦਰਵਣ ਡੈਲਟਾ ਵਾਸਤੇ ਤਾਂ ਇਹ ਮਿੱਟੀ ਤੇ ਪੱਥਰ ਹੀ ਨੇ ਸਵਾਦੀ ਭੋਜਨ!ਇਨ੍ਹਾ ਕਰਕੇ ਹੀ ਸੁੰਦਰਵਣ ਹੈ ਸਭ ਤੋਂ ਉਪਜਾਊ ਖੇਤਰਾਂ ਵਿਚੋਂ ਇਕ ਹੈ ! ਇਹੀ ਚਿੱਕੜ-ਮਿੱਟੀ ਨੇ ਜਾਨ ਇਨ੍ਹਾਂ ਸਦਾਬਹਾਰ ਵਣਾਂ ਦੀ !

**ਗੁਰਿੰਦਰ**: ਇਹ ਤੋਹਫੇ ਸਦਾਬਹਾਰ ਵਣਾਂ ਨੂੰ ਸਿਰਫ਼ ਲੱਕੜ ਤਿਆਰ ਕਰਨ 'ਚ ਮਦਦ ਹੀ ਨਹੀਂ ਕਰਦੇ, ਬਲਕਿ ਇੱਥੇ ਰਹਿਣ ਵਾਲੇ ਝੀਂਗਿਆਂ, ਕੇਕੜਿਆਂ ਤੇ ਹੋਰ ਮੱਛੀਆਂ ਦੇ ਲਈ ਇਕ ਨਰਸਰੀ ਵੀ ਹਨ। ਇਨ੍ਹਾਂ ਰੁੱਖਾਂ ਦੀਆਂ ਜੜ੍ਹਾਂ ਦੇ ਆਲੇ-ਦੁਆਲੇ ਹੀ ਤਾਂ ਸ਼ੁਰੂ ਹੁੰਦਾ ਹੈ, ਇਨ੍ਹਾਂ ਦੇ ਬੱਚਿਆਂ ਦਾ ਜੀਵਨ !

**ਪ੍ਰਭਾਤ**: ਦੀਦੀ ! ਕੀ ਇਸੇ ਕਾਰਨ ਯੂਨੈਸਕੋ ਨੇ ਸੁੰਦਰਵਣ ਨੂੰ ਵਿਸ਼ਵ ਧਰੋਹਰ ਐਲਾਨਿਆ ਹੈ ?

**ਗੁਰਿੰਦਰ**: ਹਾਂ ਪ੍ਰਭਾਤ। ਸੁੰਦਰਵਣ ਉਨ੍ਹਾਂ ਚੁਣੇ ਹੋਏ ਇਲਾਕਿਆਂ ਵਿਚੋਂ ਇਕ ਹੈ ਜਿਥੇ ਅਲੋਪ ਹੋਣ ਦੇ ਕੰਢੇ ਪੁੱਜ ਚੁੱਕੀਆਂ, ਜਾਨਵਰਾਂ ਦੀਆਂ ਲਗਭਗ 50 ਪ੍ਰਜਾਤੀਆਂ ਇਕ ਹੀ ਥਾਂ 'ਤੇ ਦੇਖੀਆਂ ਜਾ ਸਕਦੀਆਂ ਹਨ।

**ਪ੍ਰਭਾਤ**: ਹਾਂ..ਹਾਂ.. ਮੈਨੂੰ ਪਤਾ ਹੈ। (ਰਟਣ ਦੇ ਅੰਦਾਜ਼ ਵਿਚ ਸੁਣਾਉਂਦੇ ਹੋਏ) ਰੋਇਲ ਬੰਗਾਲ ਟਾਈਗਰ, ਜੈਤੂਨੀ ਸਮੁੰਦਰੀ ਕੱਛੂ ਖਾਰੇ ਪਾਣੀ ਦਾ ਮਗਰਮੱਛ, ਗੰਗਾ ਵਿਚ ਮਿਲਣ ਵਾਲੀ ਡਾਲਫਿਨ ਅਤੇ ਵਿਸ਼ਾਲ ਅਕਾਰ ਦੇ ਕੇਕੜੇ !

**ਸਮੀਰ**: ਹਾਂ ! ਮੇਰੇ ਬਚਪਨ ਦੇ ਵਕਤਾਂ ਦੀ ਤੁਲਨਾ ਵਿਚ ਅੱਜ-ਕੱਲ੍ਹ ਚਿੜੀ-ਜਨੌਰਾਂ, ਮੱਛੀਆਂ ਤੇ ਜਾਨਵਰਾਂ ਦੀ ਗਿਣਤੀ ਬਹੁਤ ਘੱਟ ਹੈ। ਸਮੁੰਦਰ ਦਾ ਦਾਇਰਾ (ਘੇਰਾ) ਵਧਣ ਦੇ ਕਾਰਨ ਸੁੰਦਰਵਣ ਖੇਤਰ ਵੀ ਅੱਧਾ ਹੀ ਰਹਿ ਗਿਆ ਹੈ। ਵਿੱਦਿਆ ਦਾ ਪੇਕਾ ਪਿੰਡ ਤਾਂ ਹੁਣ ਉਜਾੜ ਦੀਪ ( ਬੇ-ਚਿਰਾਗ) ਹੀ ਬਣ ਗਿਆ ਹੈ। ਉਥੋਂ ਦੇ ਸਾਰੇ ਲੋਕ ਦੂਸਰੀਆਂ ਥਾਵਾਂ 'ਤੇ ਚਲੇ ਗਏ !

**ਹਰਜੀਤ**: ਹੈਂ !

**ਸਮੀਰ**: ਐਨਾ ਹੀ ਨਹੀਂ। ਇਨ੍ਹਾਂ ਬਦਲਾਵਾਂ ਨਾਲ ਸਾਡੀ ਖੇਤੀਬਾੜੀ 'ਤੇ ਵੀ ਬੁਰਾ ਅਸਰ ਪਿਆ ਹੈ।ਸਰਵੇਖਣ ਲਈ ਇੱਥੇ ਆਈ ਇਕ ਟੀਮ ਨੇ ਦੱਸਿਆ ਕਿ ਇਸ ਇਲਾਕੇ ਦੀ ਮਿੱਟੀ ਤੇ ਪਾਣੀ ਵਿਚ ਲੂਣ ਦੀ ਮਾਤਰਾ ਬਹੁਤ ਵਧ ਗਈ ਹੈ।ਪਿਛਲੇ ਲਗਭਗ 40 ਸਾਲਾਂ ਤੋਂ ਇਹ ਬਦਲਾਅ ਲਗਾਤਾਰ ਆ ਰਿਹਾ ਹੈ ! ਮੈਨੂੰ ਤਾਂ ਚਿੰਤਾ ਹੈ ਕਿ ਜਦੋਂ ਨੂੰ ਟੀਨਾ ਤੇ ਪ੍ਰਭਾਤ ਵੱਡੇ ਹੋਣਗੇ ਉਦੋਂ ਤੱਕ ਸੁੰਦਰਵਣ ਵਿਚ ਪਤਾ ਨਹੀਂ ਕੁੱਝ ਬਚੇਗਾ ਵੀ ਕਿ ਨਹੀਂ !

**ਗੁਰਿੰਦਰ:** ਜਮੀਨ ਦਾ ਖਾਰਾਪਣ ਤਾਂ ਬਹੁਤ ਵੱਡੀ ਸਮੱਸਿਆ ਹੈ। ਨਦੀਆਂ ਵਿਚ ਬਣੇ ਬੰਨ੍ਹਾਂ ਦੇ ਕਾਰਨ ਸੁੰਦਰਵਣ ਡੈਲਟਾ ਤੱਕ ਆਉਣ ਵਾਲੀਆਂ ਨਦੀਆਂ ਦੇ ਤਲਛੱਟ ਤੇ ਤਾਜ਼ੇ ਪਾਣੀ ਦੇ ਵਹਾਅ 'ਤੇ ਅਸਰ ਪਿਆ ਹੈ। ਹੁਣ ਇੱਥੇ ਓਨਾ ਪਾਣੀ ਨਹੀਂ ਪਹੁੰਚਦਾ, ਜਿੰਨਾਂ ਮਿੱਟੀ ਦੇ ਖਾਰੇਪਣ ਨੂੰ ਹਟਾਉਣ ਲਈ ਜ਼ਰੂਰੀ ਹੈ।

**ਹਰਜੀਤ:** ਵਹਿ ਕੇ ਆਉਣ ਵਾਲੀ ਮਿੱਟੀ ਵੀ ਘੱਟ ਗਈ ! ਜਦਕਿ ਇਹੀ ਮਿੱਟੀ ਇੱਥੋਂ ਦੀਆਂ ਬਨਸਪਤੀਆਂ ਦੇ ਲਈ ਮਹੱਤਵਪੂਰਨ ਪੋਸ਼ਕ ਹੈ। ਇਸੇ ਦਾ ਪਿਆ ਹੈ ਅਸਰ ਸੁੰਦਰਵਣ ਦੇ ਸਦਾਬਹਾਰ ਜੰਗਲਾਂ 'ਤੇ !

**ਗੁਰਿੰਦਰ:**ਦਰਅਸਲ ਮੌਜੂਦਾ ਦੌਰ ਵਿਚ ਤਾਂ ਦੁਨੀਆ ਭਰ ਦੀ ਜਲਵਾਯੂ ਬਦਲ ਰਹੀ ਹੈ। ਵਾਤਾਵਰਣ ਵਿਚ ਕਾਰਬਨ ਡਾਈਆਕਸਾਈਡ ਤੇ ਮਿਥੇਨ ਤੇਜੀ ਨਾਲ ਵੱਧ ਰਹੇ ਨੇ !

**ਹਰਜੀਤ:** ਹਾਂ ! ਬੇਸ਼ੱਕ ਇਨ੍ਹਾਂ ਗੈਸਾਂ ਦੀ ਅੱਧੀ ਮਾਤਰਾ ਨੂੰ ਤਾਂ ਸਮੁੰਦਰ ਹੀ ਸੋਖਦੇ ਹਨ ਪਰ ਉਨ੍ਹਾਂ ਦੀ ਵੀ ਆਪਣੀ ਸੀਮਾ ਹੈ !
**ਗੁਰਿੰਦਰ:** ਦੂਜੇ ਪਾਸੇ ਵਾਤਾਵਰਣ ਵਿਚ ਕਾਰਬਨ ਦੇ ਵਧਦੇ ਉਤਸਰਜਨ ਕਾਰਨ ਸਮੁੰਦਰ ਦਾ ਪਾਣੀ ਵੀ ਤੇਜ਼ਾਬੀ ਹੁੰਦਾ ਜਾ ਰਿਹਾ ਹੈ। ਛੇਤੀ ਹੀ ਨਾ ਸਿਰਫ਼ ਸੁੰਦਰਵਣ ਸਗੋਂ ਸਮੁੱਚੇ ਭਾਰਤ ਵਿਚ ਜਲਵਾਯੂ-ਬਦਲਾਅ ਦੇ ਗੰਭੀਰ ਨਤੀਜੇ ਨਜ਼ਰ ਆਉਣ ਲੱਗਣਗੇ।

**ਹਰਜੀਤ:** ਤੇ ਇਹ ਸਾਰਾ ਕੁੱਝ ਬਹੁਤ ਛੇਤੀ ਹੀ ਹੋਣ ਵਾਲਾ ਹੈ। ਭਾਰਤ ਵਿਚ ਜਲਵਾਯੂ ਪਰਿਵਰਤਨ ਦੇ ਲੱਛਣ ਤਾਂ ਨਜ਼ਰ ਵੀ ਆਉਣ ਲੱਗੇ ਹਨ।

**ਗੁਰਿੰਦਰ:** ਜੰਗਲਾਂ ਦੇ ਬੇਰੋਕ ਵਿਨਾਸ਼ ਕਰਕੇ ਤਪਸ ਵਧ ਰਹੀ ਹੈ ! ਜਿਨ੍ਹਾਂ ਸ਼ਹਿਰਾਂ ਦਾ ਮੌਸਮ ਆਮ ਤੌਰ 'ਤੇ ਖੁਸ਼ਨੁਮਾ ਰਹਿੰਦਾ ਸੀ ਹੁਣ ਉੱਥੇ ਵੀ ਅਕਸਰ ਤੇਜ਼ ਗਰਮੀ ਜਾਂ ਬੇਮੌਸਮੀ ਵਰਖਾ ਹੋ ਰਹੀ ਹੈ। ਅਕਸਰ ਸੁਣਦੇ ਹਾਂ ਕਿ ਅਜਿਹੀ ਗਰਮੀ ਜਾਂ ਸਰਦੀ ਤਾਂ ਕਦੇ ਨਹੀਂ ਪਈ !

**ਹਰਜੀਤ:** ਮੌਸਮ ਦੀ ਚਾਲ ਹੋ ਗਈ ਅਜੀਬ ! ਘੱਟ ਵਰਖਾ ਕਾਰਨ ਕਰਨਾਟਕ ਦੇ ਕਈ ਇਲਾਕੇ ਨੇ ਸੋਕੇ ਦੀ ਮਾਰ ਹੇਠ ਜਦਕਿ ਰਾਜਸਥਾਨ ਦੇ ਕੁਝ ਹਿੱਸਿਆਂ ਵਿਚ ਹੜ੍ਹ ਵੀ ਆਏ ਹਨ। ਸਭ ਕੁਝ ਉਲਟ-ਪੁਲਟ !

**(ਸਮੁੰਦਰ ਦੀਆਂ ਲਹਿਰਾਂ ਦੀ ਅਵਾਜ਼)**

**ਟੀਨਾ:** ਇਸੇ ਕਰਕੇ ਮੈਂ ਸੋਚ ਰਹੀ ਹਾਂ ਕਿ ਸਾਨੂੰ ਸਾਰਿਆਂ ਨੂੰ ਫਿਰ ਤੋਂ ਵਾਪਸ ਸਮੁੰਦਰ ਵਿਚ ਜਾਣਾ ਚਾਹੀਦਾ ਹੈ। ਅਸੀਂ ਪੂਰਾ ਦਿਨ ਤੈਰਦੇ ਰਹਾਂਗੇ। ਉੱਥੇ ਸਰਦੀ, ਗਰਮੀ ਤੇ ਵਰਖਾ ਦੀ ਚਿੰਤਾ ਨਹੀਂ ਹੋਵੇਗੀ ਅਤੇ ਨਾ ਹੀ ਪੈਸਾ ਕਮਾਉਣ ਦਾ ਫ਼ਿਕਰ।

**ਪ੍ਰਭਾਤ** (ਗੁੱਸੇ ਵਿਚ): ਵਾਹ! ਕਿੰਨਾ ਮਹਾਨ ਫੁਰਨਾ ! ਟੀਨਾ, ਇਸ ਦੀ ਸ਼ੁਰੂਆਤ ਤੂੰ ਹੀ ਕਰ ਤੇ ਮਾਰ ਸਮੁੰਦਰ ਵਿਚ ਛਾਲ ! ਕੀ ਪਤਾ ਲਗਾਤਾਰ ਪਾਣੀ ਵਿਚ ਰਹਿਣ ਨਾਲ ਤੇਰੇ ਗਲਫੜੇ ਵਿਕਸਿਤ ਹੋ ਜਾਣ। (ਹੱਸਦੇ ਹੋਏ) ਤੇਰੀ ਆਵਾਜ਼ ਵੀ ਕਿਸੇ ਸਮੁੰਦਰੀ ਸ਼ੈਤਾਨ ਦੀ ਤਰ੍ਹਾਂ ਹੋ ਜਾਵੇ। ਤੂੰ ਬੋਲੇਗੀ ਤਾਂ ਠੀਕ, ਪਰ ਕੋਈ ਵੀ ਤੇਰੀ ਗੱਲ ਨਹੀਂ ਸਮਝ ਸਕੇਗਾ।

**(ਠਹਾਕਾ ਲਗਾਉਂਦਾ ਹੈ)**

**ਟੀਨਾ** (ਗੁੱਸੇ ਵਿਚ): ਮੈਂ ਕਿਉਂ ਬਣਾਂ ਸਮੁੰਦਰੀ ਸ਼ੈਤਾਨ... ਤੁਸੀਂ ਬਣੋ।

**ਸਮੀਰ:** ਬਸ..ਬਸ.. ਬਹੁਤ ਹੋ ਗਿਆ। ਕੀ ਤੁਹਾਨੂੰ ਭੁੱਖ ਨਹੀਂ ਲੱਗੀ? ਗੁਰਿੰਦਰ ਤੇ ਹਰਜੀਤ ਨੂੰ ਖਾਣੇ ਦੇ ਲਈ ਤਾਂ ਪੁੱਛ ਲਉ ! ਤੁਹਾਡੀ ਮੰਮੀ ਨੇ ਜਨਮ ਦਿਨ ‘ਤੇ ਸਪੈਸ਼ਲ ਖਾਣਾ ਬਣਾਇਆ ਹੈ। ਦੱਮ ਆਲੂ, ਕੱਦੂ ਦੇ ਕੋਫ਼ਤੇ ਤੇ ਭੂਰੇ ਚੌਲਾਂ ਦੀ ਖੀਰ !

**ਟੀਨਾ:** ਵਾਹ.. ਸਭ ਕੁਝ ਮੇਰੀ ਪਸੰਦ ਦਾ..।

**ਗੁਰਿੰਦਰ:** ਅੱਜ ਤਾਂ ਜਨਮ ਦਿਨ ਦੀ ਪਾਰਟੀ ਦਾ ਮਜ਼ਾ ਆ ਜਾਵੇਗਾ।

**ਹਰਜੀਤ:** ਬਿਲਕੁਲ ਇਹ ਹੋਈ ਨਾ ਇਕ ਯਾਦਗਾਰੀ ਪਾਰਟੀ ! ਮੇਰੇ ਪੇਟ ਵਿਚ ਵੀ ਚੂਹੇ ਨੱਚ ਰਹੇ ਹਨ ! ਸ਼ਾਨਦਾਰ ਖਾਣੇ ਦੇ ਲਈ ਆਂਟੀ ਦਾ ਧੰਨਵਾਦ!

**----------ਸਮਾਪਤੀ ਸੰਗੀਤ---------**

**ਪ੍ਰਸ਼ਨ 1: ਅਲਨੀਨੋ ਦਾ ਕੀ ਕਾਰਨ ਹੈ ?**

ਉੱਤਰ: ਦਸੰਬਰ ਮਹੀਨੇ ਜਿਆਦਾ ਗਰਮੀ ਨਾਲ ਪ੍ਰਸ਼ਾਂਤ ਮਹਾਂ ਸਾਗਰ ਦੇ ਪਾਣੀ ਦਾ ਜਿਆਦਾ ਗਰਮ ਹੋ ਜਾਣਾ !

**ਪ੍ਰਸ਼ਨ: ਸੁੰਦਰਵਣ ਕਿਓ ਬਰਬਾਦ ਹੋ ਰਿਹਾ ਹੈ ?**

ਉੱਤਰ: ਨਦੀਆਂ ‘ਤੇ ਬਣੇ ਬੰਧਾਂ ਕਰਕੇ ਉਥੇ ਲੋੜ ਅਨੁਸਾਰ ਪਾਣੀ ਨਹੀਂ ਆ ਰਿਹਾ ਜਿਸ ਕਰਕੇ ਮਿੱਟੀ ਦਾ ਖਾਰਾਪਨ ਤੇ ਗਾਰ ਵਧ ਰਹੀ ਹੈ !